# ਪੰਜਾਬੀ ਲਘੂ ਕਹਾਣੀਆਂ

## ਲੇਖਕ ਨਵਨੀਤ ਸਿੰਘ

# Punjabi Mini Stories
# by
# Navneet Singh

www.PunjabiLibrary.com




# ਕੂੜ ਸੋਚ ਦਾ ਮਾਲਕ

ਗੱਲ ਧਾਰੀਵਾਲ ਸ਼ਹਿਰ ਦੀ ਹੈ ! ਨਵੇਂ ਸਾਲ ਦੀ ਗੱਲ ਏ! ਨਗਰ ਕੀਰਤਨ ਲੰਘ ਰਿਹਾ ਸੀ ਮੇਰੇ ਘਰ ਦੇ ਮੂਹਰੇ ! ਮੈਂ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਤਕ ਹੋਣ ਲਈ ਅੱਗੇ ਗਿਆ ! ਬਹੁਤੇ ਸੰਗਤਾ ਨੇ ਹੱਥ ਚ ਲਿਫਾਫੇ ਫੜੇ ਸਨ ! ਕਿਸੇ ਨੇ ਸੰਤਰੇ ਪਾਏ ਸਨ ਕਿਸੇ ਨੇ ਲੱਡੂ ਕਿਸੇ ਨੇ ਕੇਲੇ! ਪੰਜ ਪਿਆਰਿਆਂ ਅੱਗੇ ਇੱਕ  ਨਾਲ ਸੇਵਾਦਾਰ ਸੀ ਜੋ ਓਹਨਾ ਦੀ ਸੇਵਾ ਭੁਗਤ ਲਈ ਲੱਗਾ ਸੀ ! ਸੇਵਾਦਾਰ ਬਹੁਤ ਨਿਮਰਤਾ ਨਾਲ ਸੇਵਾ ਕਰ ਰਿਹਾ ਸੀ  ਜਿਹੜਾ ਸੇਵਦਾਰ ਪੰਜ ਪਿਆਰਿਆਂ ਨਾਲ ਲੱਗਾ ਸੀ ਉਸ ਕੋਲ ਵੀ ਦੋ ਲਿਫਾਫੇ ਸਨ ਜਿਸ ਚ 15 ਕੁ ਸੰਤਰੇ ਹੋਣਗੇ ! ਏਨੇ ਨੂੰ ਇੱਕ ਰਹੀ ਜਿਸਦੇ ਕੱਪੜੇ ਗੰਦੇ ਸਨ ਪੈਰੀਂ ਜੁੱਤੀ ਸੀ ਤੇ ਜੈਕਟ ਵੀ ਬਹੁਤ ਗੰਦੀ ਸੀ ਸਿਰ ਤੇ ਟੋਪੀ ਪਾਈ ਸੀ, ਉਸ ਸੇਵਾਦਾਰ ਕੋਲ ਆਇਆ ਤੇ ਕਹਿੰਦਾ ਬਾਬਾ ਜੀ ਪ੍ਰਸਾਦ ਮੈਨੂੰ ਵੀ ਦਿਓ ! ਉਸਨੇ ਬਹੁਤ ਨਿਮਰਤਾ ਨਾਲ ਦੋਵੇਂ ਹੱਥ ਅੱਗੇ ਕੀਤੇ ਉਸ ਸੇਵਾਦਾਰ ਦੇ!! ਸੇਵਾਦਾਰ ਨੇ ਬੜੇ ਹੰਕਾਰ ਨਾਲ ਕਿਹਾ !! ਜੇਬਾਂ ਚ ਲਕੋਏ ਤੂੰ ਸੰਤਰੇ !! ਉਸ ਵੀਚਾਰੇ ਭਲੇ ਪੁਰਸ਼ ਨੇ ਇਮਾਨਦਾਰੀ ਨਾਲ ਜਵਾਬ ਦਿੱਤਾ ਮੇਰੇ ਕੋਲ 1 ਹੀ ਸੰਤਰਾ ਸੀ ਓਹ ਮੈਂ ਖਾ  ਲਿਆ!! ਸੇਵਾਦਾਰ ਕਹਿੰਦਾ ਏ ਸੰਤਰੇ ਮੇਰੇ ਨਹੀਂ ਏ ਨਾ ਹੀ ਮੈਂ ਦੇ ਸਕਦਾ ਹਾਂ!  ਇਹ ਓਹਨਾ ਪੰਜ ਪਿਆਰਿਆਂ ਦੇ ਸੰਤਰੇ ਸਨ ਜੋ ਲੰਗਰ ਚ ਮਿਲੇ ਨੇ !! ਏਨੀ ਗਲ ਸੁਣ ਉਸ ਵਿਚਾਰੇ ਭਲੇਪੁਰਸ ਨੇ ਹੱਥ ਹੇਠਾਂ ਕੀਤੇ ! ਤੇ ਪਰੇ ਜਾ ਬੈਠ ਗਿਆ ,!

ਇਹ ਸਾਰਾ ਵਾਕਿਆ ਮੇਰੀ ਅੱਖਾਂ ਦੇ ਸਾਹਮਣੇ ਹੋਇਆ ਸੀ ਗੁਰੂ ਦਾ ਤਾਂ ਇਨਸਾਨ ਦੀ ਸੇਵਾ ਵੇਖਦਾ ਨਾ ਕੇ ਇਨਸਾਨ ਦੇ ਕੱਪੜੇ ! ਇੱਕ ਸੰਤਰੇ ਕਰਕੇ ਹੋ ਸਕਦਾ ਉਸਨੇ ਕਿਸੇ ਗਰੀਬ ਦਾ ਦਿਲ ਦੁਖਾਇਆ ਹੋਵੇ। ਮੈਂ ਕਦੇ ਨਗਰ ਕੀਰਤਨ ਵੱਲ ਵੇਖਦਾ  ਤੇ ਕਦੇ ਉਸ ਸੇਵਾਦਾਰ ਵੱਲ ਜੋ ਪੰਜ ਪਿਆਰਿਆਂ ਦੀ ਸੇਵਾ ਕਰ ਰਿਹਾ ਸੀ ! ਮੈਨੂੰ ਐਵੇਂ ਲੱਗਾ ਜਿਵੇਂ ਨਗਰ ਕੀਰਤਨ ਚ ਉਹ  ਸੇਵਾਦਾਰ ਘੱਟ ਤੇ  ਕੂੜ ਸੋਚ ਦਾ ਮਾਲਕ ਜਿਆਦਾ ਹੋਵੇ !!

***ਨਵਨੀਤ ਸਿੰਘ***




# ਮਾਂ ਦੀ ਮਮਤਾ

ਕੋਈ ਪਾਗਲ ਆ ! ਪਤਾ ਨਹੀਂ ਕੀ ਲੁਕਾ ਰਹੀ ਆਪਣੀ ਬੁੱਕਲ ਅੰਦਰ। ਇਹ ਗੱਲਾਂ ਮੇਰੇ ਕੰਨੀ ਪਈਆਂ ਜਦ ਮੈਂ ਆਪਣੇ ਦਫਤਰ ਜਾ ਰਿਹਾ ਸੀ ਪੈਦਲ। ਇੱਕ ਸੜਕ ਦੇ ਵੱਡੇ ਪੁੱਲ ਹੇਠਾਂ ਭੀੜ ਜਮਾਂ ਸੀ ਆਉਂਦੇ ਜਾਂਦੇ ਲੋਕ ਵੇਖਦੇ ਤੇ ਕੁੱਝ ਕੁ ਓਥੇ ਹੀ ਖੜ੍ਹੇ ਵੇਖੀ ਜਾਂਦੇ। ਮੈਂ ਪੁਛਿਆ ਤਾਂ ਕਹਿੰਦੇ ਕੋਈ ਪਾਗਲ ਲੱਗਦੀ ਆ ! ਐਵੇਂ ਲੱਗਦਾ ਚੋਰੀ ਕਰਕੇ ਆਈ ਕਿੱਧਰੋਂ ਆਪਣੀ ਬੁੱਕਲ ਅੰਦਰ ਲੁਕਾ ਰਹੀ ਕੁੱਝ ਦੱਸਦੀ ਵੀ ਨਹੀਂ। ਮੈ ਵੀ ਵੇਖਣ ਲਈ ਉਤਾਵਲਾ ਹੋਇਆ । ਅਧਖੜ ਉਮਰ ਦੀ ਔਰਤ ਨੰਗੇ ਪੈਰ ਬੈਠੀ ਸੀ ਬੁੱਕਲ ਮਾਰ ਕਿ। ਵਾਲ ਖਿੱਲਰੇ ਸਨ। ਕੋਲ ਇੱਕ ਬਿਸਕੁਟ ਦਾ ਪੈਕਟ ਨਾਲ ਕੁੱਝ ਕੁ ਟਾਫੀਆਂ ਸਨ। ਮੈਂ ਉਸਨੂੰ ਬੜੇ ਗੌਰ ਨਾਲ ਵੇਖਿਆ ਜਿਵੇਂ ਉਹ ਇਸ ਭੀੜ ਤੋਂ ਡਰੀ ਹੋਵੇ। ਮੈਂ ਡਰਦਾ ਡਰਦਾ ਉਸ ਔਰਤ ਵੱਲ ਥੋੜ੍ਹਾ ਅੱਗੇ ਵਧਿਆ । ਉਸ ਨੂੰ ਕੁੱਝ ਖਾਣ ਲਈ ਫੜਾਇਆ ਤਾਂ ਉਸਦੇ ਚੇਹਰੇ ਤੇ ਮੁਸਕੁਰਾਹਟ ਆਈ। ਮੈਂ ਉਸਨੂੰ ਪੁੱਛਿਆ ਕੀ ਨਾਮ ਏ ਤੇਰਾ । ਉਹ ਕੁੱਝ ਨਹੀਂ ਬੋਲੀ। ਮੈਂ ਫਿਰ ਉਸਨੂੰ ਕਿਹਾ ਏਨੀ ਠੰਡ ਹੈ ਤੂੰ ਸਿਰ ਤੇ ਕੋਈ ਟੋਪੀ ਵੀ ਨਹੀਂ ਪਾਈ । ਪੈਰ ਵੀ ਨੰਗੇ ਨੇ । ਉਹ ਫਿਰ ਕੁੱਝ ਨਾ ਬੋਲੀ। ਮੈਂ ਫਿਰ ਉਸਨੂੰ ਕਿਹਾ ਆਹ ਬੁੱਕਲ ਅੰਦਰ ਕੀ ਲੁਕਾ ਰਹੀ ਤੂੰ ਦਸ਼ ਹਾਂ ਭਲਾਂ! ਉਸਨੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਨਾਲ ਹੀ ਬੁੱਕਲ ਖੋਲੀ ਤੇ ਮੈਂ ਵੇਖ ਹੈਰਾਨ ਰਹਿ ਗਿਆ।ਉਹ ਔਰਤ ਤਾਂ ਆਪਣੇ ਨਿੱਕੇ ਜਿਹੇ ਬੱਚੇ ਨੂੰ ਆਪਣੀ ਛਾਤੀ ਨਾਲ ਲਗਾ ਕੇ ਬੈਠੀ ਸੀ ਜੋ ਗੂੜੀ ਨੀਂਦ ਸੁੱਤਾ ਸੀ। ਆਪਣੇ ਬੱਚੇ ਨਿੱਘ ਦੇ ਰਹੀ ਸੀ ਘੁੱਟ ਰਹੀ ਸੀ ਕਿਤੇ ਠੰਡ ਨਾ ਲੱਗ ਜਾਵੇ। ਇਹ ਸਭ ਵੇਖ ਲੋਕ ਆਪਣੇ ਆਪਣੇ ਰਸਤੇ ਤੁਰ ਗਏ । ਭਾਵੇਂ ਔਰਤ ਪਾਗਲ ਸੀ ਪਰ ਮਾਂ ਦੀ ਮਮਤਾ ਉਸ ਔਰਤ ਵਿਚੋਂ ਝਲਕ ਰਹੀ ਸੀ ਆਪ ਠੰਡ ਵਿੱਚ ਵੀ ਬੱਚੇ ਨੂੰ ਨਿੱਘ ਦੇ ਰਹੀ ਸੀ।

ਮੈਂ ਇਹ ਸੋਚ ਓਥੋਂ ਨਿਕਲ ਗਿਆ ਜੀਵੇਂ ਕੁਦਰਤ ਦੀ ਬੁੱਕਲ ਵਿੱਚ ਸਾਰੀ ਦੁਨੀਆਂ ਸਮੇਟੀ ਹੁੰਦੀ ਹੈ ਓਸੇ ਤਰਾਂ ਇੱਕ ਮਾਂ ਨੇ ਬੁੱਕਲ ਵਿੱਚ ਬੱਚਾ ਸਮੇਟਿਆ ਸੀ ।

***ਨਵਨੀਤ ਸਿੰਘ***




# ਜਾਦੂ

ਮੇਰੀ ਸਵੇਰ ਦੇਸੀ ਗੁੜ ਦੀ ਚਾਹ ਨਾਲ ਹੁੰਦੀ ਹੈ ਪੇਂਡੂ ਹਾਂ ਇਸ ਲਈ ਅਕਸਰ ਸਾਡੇ ਪਿੰਡਾਂ ਅੰਦਰ ਦੇਸੀ ਗੁੜ ਦੇਸੀ ਛੱਕਰ ਆਮ ਹੀ ਮਿਲ ਜਾਂਦੀ।ਤੇ ਜਿਹੜੀ ਚਾਹ ਸਵੇਰੇ ਮਿਲਦੀ ਉਹ ਚਾਹ 5 ਤਾਰਾ ਹੋਟਲ ਚ ਵੀ ਨਹੀਂ ਮਿਲਦੀ !!!! ਖੈਰ-----

ਰੋਜਾਨਾ ਕੰਮ ਤੇ ਜਾਣ ਵੇਲੇ ਇੱਕ ਜਾਂ ਅੱਧੀ ਰੋਟੀ ਖਾ ਕੇ ਘਰੋਂ ਤੁਰ ਪੈਂਦਾ। ਕਦੇ ਭੈਣਾਂ ਤੇ ਕਦੇ ਭਾਬੀਆਂ ਨੇ ਰੋਟੀ ਖੁਆ ਦੇਣੀ। ਸਵੇਰੇ 8 ਵਜੇ ਰੋਟੀ ਖਾਣ ਨੂੰ ਦਿਲ ਨਹੀਂ ਕਰਦਾ । ਫਿਰ ਵੀ ਇੱਕ ਅੱਧੀ ਰੋਟੀ ਖਾ ਹੀ ਜਾਂਦਾ ਉਹ ਵੀ ਗੋਲ ਕਰਕੇ ਜਿਵੇ ਕਹਿ ਲਵੋ ਘੁੱਗੂ ਬਣਾ ਕੇ!! ਗੋਲ ਰੋਟੀ ਜਿਵੇ ਬਚਪਨ ਚ ਬੱਚੇ ਖਾਂਦੇ। ਸਮਾਂ ਬੀਤਦਾ ਗਿਆ ਭੈਣਾਂ ਆਪੋ ਆਪਣੇ ਘਰ ਤੇ ਭਾਬੀਆਂ ਆਪੋ ਆਪਣੇ ਘਰ। ਅੱਜ ਕੰਮ ਤੇ ਜਾਣ ਲੱਗਿਆਂ ਰੋਟੀ ਮੇਰੀ ਬਜ਼ੁਰਗ ਮਾਂ ਪਕਾ ਰਹੀ ਸੀ। ਹਮੇਸਾ ਦੀ ਤਰਾਂ ਮੈਂ ਇੱਕ ਰੋਟੀ ਹੀ ਲਈ ਮੇਰੀ ਮਾਂ ਕਹਿੰਦੀ। ਲੈ ਪੁੱਤ ਭੁੱਖਾਂ ਜਾਵੇਗਾ। ਇੱਕ ਨਾਲ ਕੀ ਬਣਨਾ ਰੱਜ ਕੇ ਖਾ ਮੇਰਾ ਪੁੱਤ ਰੋਟੀ । ਨਾਲ ਹੀ ਗੁੜ ਦੀ ਚਾਹ ਨਾਲ ਭਰਿਆ ਗਿਲਾਸ ਮੈਨੂੰ ਫੜਾ ਦਿੱਤਾ! ਗਰਮ ਗਰਮ ਰੋਟੀ ਨਾਲ ਮੱਖਣ ਰੱਖ ਦਿੱਤਾ । ਮੈਂ ਇੱਕ ਖਾਧੀ ਇੱਕ ਰੋਟੀ ਹੋਰ ਮਾਂ ਨੇ ਫੜਾ ਦਿੱਤੀ ਉਹ ਵੀ ਖਾ ਗਿਆ । ਤੀਜੀ ਰੋਟੀ ਮੈਂ ਆਪ ਮਾਂ ਤੋਂ ਮੰਗ ਲਈ ਤੇ ਫਿਰ ਚੌਥੀ ਰੋਟੀ ਵੀ ਖਾ ਗਿਆ । ਦਿਲ ਤਾਂ ਅਜੇ ਹੋਰ ਕਰਦਾ ਸੀ ਖਾਣ ਨੂੰ ਪਰ ਖਾ ਨਹੀਂ ਸਕਿਆ। ਰੋਟੀ ਖਾਣ ਤੋਂ ਬਾਅਦ ਬਹੁਤ ਦੇਰ ਤੱਕ ਇਹੋ ਸੋਚਦਾ ਰਿਹਾ ! ਪਤਾ ਨਹੀਂ ਪਰਮਾਤਮਾ ਨੇ ਮਾਂ ਦਿਆਂ ਹੱਥਾਂ ਚ ਕਿਹੜਾ ਜਾਦੂ ਪਾਇਆ । ਘਰੋਂ ਤੁਰਨ ਵੇਲੇ ਮਾਂ ਨੇ ਪੋਣੇ ਅੰਦਰ 4 ਰੋਟੀਆਂ ਹੋਰ ਲਪੇਟ ਦਿੱਤੀਆਂ ਦੁਪਹਿਰ ਨੂੰ ਖਾਣ ਲਈ ਸੱਚ ਦਸਾਂ ਤਾਂ ਜੋ ਸਵਾਦ ਮਾਂ ਦੇ ਹੱਥ ਦੀ ਪੱਕੀ ਰੋਟੀ ਖਾਣ ਦਾ ਆਉਂਦਾ ਉਹ ਕੀਤੇ ਮਹਿੰਗੇ ਹੋਟਲ ਚ ਖਾਣ ਦਾ ਨਹੀਂ ਆਉਂਦਾ।

ਯਕੀਨ ਨਹੀਂ ਆਉਂਦਾ ਤਾਂ ਅਜਮਾ ਕੇ ਮਹਿਸੂਸ ਕਰਕੇ ਵੇਖ ਲੈਣਾ।

***ਨਵਨੀਤ ਸਿੰਘ***




# ਪ੍ਰਧਾਨ

ਕੱਲ ਦੀ ਗੱਲ ਆ ਅਜੇ! ਗੁਰਦੁਆਰੇ ਡਾਂਗ ਸੋਟਾ ਚਲ ਰਿਹਾ ਸੀ ਪ੍ਰਧਾਨਗੀ ਤੋਂ !! ਮੈਂ ਵੀ ਗਿਆ ਸੀ ਓਥੇ ਪਿੰਡ ਦਾ ਚੌਂਕੀਦਾਰ ਹੋਣ ਕਰਕੇ। 5 ਦਾਅਵੇਦਾਰ ਸਨ ਪ੍ਰਧਾਨਗੀ ਦੇ ਸਾਰੇ ਹੀ ਉੱਚੇ ਜਵਾਨ ਸਿੰਘ ਸਜੇ ਸਨ। ਹਾਲ ਨੱਕੋ ਨੱਕ ਭਰਿਆ ਸੀ ਹਰ ਕੋਈ ਕਹਿੰਦਾ ਫਲਾਣੇ ਨੂੰ ਬਣਾਓ ਪ੍ਰਧਾਨ ਦੂਜਾ ਕਹਿੰਦਾ ਫਲਾਣੇ ਨੂੰ ਬਣਾਓ। ਗੱਲ ਕਿਸੇ ਵੀ ਸਿਰੇ ਤੇ ਨਾ ਪਹੁੰਚੀ। ਅਖੀਰ ਪਿੰਡ ਦੇ ਬਜ਼ੁਰਗ ਜਗੀਰ ਸਿੰਘ ਨੂੰ ਬੁਲਾ ਕੇ ਲਿਆਂਦਾ ਕਿਉਂ ਕੇ ਹਰ ਪਿੰਡ ਅੰਦਰ ਕੋਈ ਨਾ ਕੋਈ ਸਿਆਣੇ ਬਜ਼ੁਰਗ ਅਕਸਰ ਫੈਸਲੇ ਕਰਦੇ ਹਨ। ਭਰੇ ਹਾਲ ਅੰਦਰ ਜਗੀਰ ਸਿੰਘ ਨੇ ਕਿਹਾ , ਜੋ ਮੈਂ ਕਹਾਂਗਾ ਮੰਨੋਗੇ ਮੇਰਾ ਫ਼ੈਸਲਾ ਆਖਰੀ ਫੈਂਸਲਾ ਹੋਵੇਗਾ !! ਸੱਚ ਬੋਲਣਾ ਗੁਰੂ ਦੀ ਹਜ਼ੂਰੀ ਅੰਦਰ ਬੈਠੇ ਹੋ।। ਸਾਰੇ ਪਾਸੇ ਘੁਸਰ ਮੁਸਰ ਹੋ ਗਈ ਤਾਏ ਜਗੀਰ ਨੇ ਕਿਹੜਾ ਫ਼ੈਸਲਾ ਲੈਣਾ। ਸਭ ਨੇ ਕਿਹਾ ਠੀਕ ਹੈ। ਤਾਏ ਨੇ 5 ਦਾਅਵੇਦਾਰ ਖੜ੍ਹੇ ਕਰ ਕੇ ਇੱਕ ਪਾਸੇ ਕਰ ਲਏ ।ਨਾਲ਼ ਹੀ ਬੋਲ ਦਿੱਤਾ ਜਿਹੜਾ ਵੀ ਇਹਨਾਂ 5 ਦਾਅਵੇਦਾਰ ਵਿਚੋਂ ਜਿਸਨੂੰ 5 ਬਾਣੀਆਂ ਦਾ ਪਾਠ ਆਉਂਦਾ ਹੋਵੇਗਾ, ਤੇ ਜਿਹੜੇ ਹਮਾਇਤ ਤੇ ਆਏ ਉਹ 10 ਗੁਰੂਆਂ ਦੇ ਨਾਮ ਦਸ਼ ਦੇਣਗੇ ਓਹੀ ਗੁਰਦੁਆਰੇ ਦਾ ਪ੍ਰਧਾਨ ਹੋਵੇਗਾ!!

ਏਨੀ ਗੱਲ ਸੁਣ ਸਾਰੇ ਹਾਲ ਵਿੱਚੋ ਐਵੇਂ ਨਿਕਲਣ ਲੱਗੇ ਜਿਵੇਂ ਤਾਏ ਜਗੀਰ ਨੇ ਕੋਈ ਤੀਰ ਛੱਡ ਦਿੱਤਾ ਹੋਵੇ ਪਤਾ ਨਹੀਂ ਕਿਸਦੇ ਲੱਗ ਜਾਣਾ। ਮੇਰੇ ਵੇਖਦਿਆਂ ਹੀ ਵੇਖਦਿਆਂ ਸਾਰਾ ਹਾਲ ਖਾਲੀ ਸੀ। ਇੱਕ ਵੀ ਦਾਅਵੇਦਾਰ ਨਹੀਂ ਰਿਹਾ ਜਿਹੜੇ ਆਪਣੇ ਆਪ ਨੂੰ ਪ੍ਰਧਾਨ ਸਮਝਦੇ ਸਨ।

***ਨਵਨੀਤ ਸਿੰਘ***



# ਪਛਤਾਵਾ

ਭਰੀ ਠੰਡ ਚ ਸੜਕ ਕਿਨਾਰੇ ਸਬਜ਼ੀ ਦੀਆਂ ਰੇਹੜੀਆਂ ਲੱਗੀਆਂ ਸਨ । ਮੈਂ ਸਬਜ਼ੀ ਲੈਣ ਗਿਆ। ਸੜਕ ਕਿਨਾਰੇ ਇੱਕ ਬਜ਼ੁਰਗ ਬੈਠਾ ਸੀ 80 ਕੁ ਸਾਲ ਦਾ । ਜੋ ਕੇ ਸਾਗ ਵੇਚ ਰਿਹਾ ਸੀ। ਅਕਸਰ ਸੋਸਲ ਮੀਡੀਆ ਤੇ ਜਾਂ ਪ੍ਰਚਾਰਕ ਕਹਿੰਦੇ ਲੋੜਵੰਦ ਬਜ਼ੁਰਗਾਂ ਕੋਲੋ ਸਮਾਨ ਜਰੂਰ ਲਿਆ ਕਰੋ। ਇਸੇ ਲਈ ਮੈਂ ਬਜ਼ੁਰਗ ਨੂੰ ਪੁੱਛਿਆ ਕਿ ਸਾਗ ਦਾ ਕੀ ਭਾਅ ਹੈ। ਬਜ਼ੁਰਗ ਨੇ 20 ਰੁਪਏ ਕਿਲੋ ਦਸਿਆ। ਮੈਂ ਪੁੱਛਿਆ ਕਿੰਨਾ ਸਾਗ ਹੈ ਕਹਿੰਦਾ 20 ਰੁਪਏ ਕਿੱਲੋ। ਮੈ ਸਾਗ ਲੈ ਲਿਆ 4 ਕਿਲੋ ਸੀ 100 ਰੁਪਏ ਦੇ ਦਿੱਤੇ ਤਾਂ ਜੋ ਬਜ਼ੁਰਗ ਟਾਇਮ ਨਾਲ ਠੰਡ ਵਿਚੋਂ ਘਰ ਜਾਵੇ। ਨਾਲ ਦੇ ਰੇਹੜੀ ਵਾਲੇ ਨੇ ਕਿਹਾ ਸਰਦਾਰ ਜੀ ਸਾਗ ਨਹੀਂ ਸੀ ਲੈਣਾ ਤੁਹਾਡੇ ਲੈਣ ਵਾਲਾ ਨਹੀਂ ਇਹ ਤਾਂ ਰਹਿੰਦ ਖੂੰਦ ਹੈ ।ਮੈਂ ਕਿਹਾ ਮੈਨੂੰ ਪਤਾ ਹੈ ਪਰ ਮੈਂ ਸਾਗ ਖਾਣਾ ਨਹੀਂ ਇਹ ਤਾਂ ਇਸ ਲਈ ਲਿਆ ਬਜ਼ੁਰਗ ਟਾਇਮ ਨਾਲ ਘਰ ਜਾਵੇ !

ਰੇਹੜੀ ਵਾਲੇ ਕਿਹਾ ਮੈ ਤੁਹਾਡੀ ਭਾਵਨਾਂ ਸਮਝਦਾ ਪਰ ਇਨੇ ਬਜ਼ੁਰਗ ਨੇ 100 ਦੀ ਸ਼ਰਾਬ ਹੀ ਪੀ ਜਾਣੀ। ਰੇਹੜੀ ਵਾਲੇ ਦੀ ਏਨੀ ਗੱਲ ਸੁਣਕੇ ਮੈਨੂੰ ਬਹੁਤ ਪਛਤਾਵਾ ਹੋਇਆ।

ਕਾਸ!!100 ਦਾ ਸਾਗ ਨਾ ਲੈਂਦਾ ਬਜ਼ੁਰਗ ਸ਼ਰਾਬ ਨਾ ਪੀਂਦਾ। ਪਰ ਜੇ ਮੈਂ ਨਾ ਲੈਂਦਾ ਹੋਰ ਕੋਈ ਖ਼ਰੀਦ ਲੈਂਦਾ ਸ਼ਰਾਬ ਤਾਂ ਫਿਰ ਵੀ ਪੀ ਲੈਣੀ ਸੀ ਉਸਨੇ। ਇਸੇ ਸੋਚ ਨਾਲ ਮੈਂ ਓਥੋਂ ਨਿਕਲ ਆਪਣੇ ਰਸਤੇ ਨੂੰ ਚੱਲ ਮੇਰੇ ਮਨ ਅੰਦਰ **ਪਛਤਾਵੇ** ਤੋਂ ਇਲਾਵਾ ਕੁੱਝ ਨਹੀਂ ਸੀ।

***ਨਵਨੀਤ ਸਿੰਘ***



## ਮਤਰੇਈ ਮਾਂ

ਨਿੱਕੇ ਜਿਹੇ ਹੱਥਾਂ ਚ,10 ਦਾ ਨੋਟ ਫੜੀ ਮਾਸੂਮ ਜਿਹੀ ਬੱਚੀ ਤੇ ਮੇਰਾ ਧਿਆਨ ਪਿਆ ਬਹੁਤ ਹੀ ਪਿਆਰ ਨਾਲ ਮਸੂਮੀਅਤ ਨਾਲ ਬੋਲ ਰਹੀ ਸੀ । ਮੈਂ ਵੀ ਓਸ ਦੁਕਾਨ ਤੇ ਖੜਾ ਸੀ ਜਿਥੇ ਇਹ ਬੱਚੀ ਖੜੀ ਸੀ। ਮੈਂ ਪੁੱਛ ਹੀ ਲਿਆ , ਕੀ ਨਾਮ ਤੇਰਾ ਪੁੱਤ, ਉਸਨੇ ਮਸੂਮੀਅਤ ਨਾਲ ਦਸਿਆ, ਮੇਰਾ ਨਾਮ ਰੇਖਾ ਹੈ , ਮੈਂ ਕਿਹਾ ਸਕੂਲ ਜਾਂਦਾ ਮੇਰਾ ਪੁੱਤ ,ਕਹਿੰਦੀ ਨਹੀਂ ਪਰ ਦਿਲ ਬਹੁਤ ਕਰਦਾ, ਫਿਰ ਪੁੱਛਿਆ ਘਰ ਕੌਣ ਕੌਣ ਹੁਣ ਜੋ ਇਸ ਬੱਚੀ ਦੀ ਜ਼ੁਬਾਨੀ ਸੁਣ ਮੇਰੇ ਰੌਂਗਟੇ ਖੜ੍ਹੇ ਹੋ ਗਏ।

ਅੰਕਲ ਮੇਰੀ ਮੰਮੀ ਮੈਨੂੰ ਰੋਟੀ ਨਹੀਂ ਦਿੰਦੇ, ਜਿਨ੍ਹਾਂ ਘਰ ਅਸੀਂ ਕਿਰਾਏ ਤੇ ਰਹਿੰਦੇ ਉਹ ਦਿੰਦੇ। ਨਹੀਂ ਤਾਂ ਭੁੱਖੇ ਸੌਂ ਜਾਂਦੇ ਮੈ ਪਾਪਾ ਤੇ ਮੇਰਾ ਵੀਰ।, ਥੋੜ੍ਹਾ ਮੁਸਕੁਰਾ ਕੇ ਕਹਿੰਦੀ ਵੀਰ ਕਦੇ ਕਦੇ ਰੋਟੀ ਖੋਹ ਕਿ ਖਾ ਜਾਂਦਾ ਮਮੀ ਕੋਲੋ ਮੈਨੂੰ ਮਿਲਦੀ ਨਹੀਂ, ਫਿਰ ਮੈਂ ਸੋ ਜਾਂਦੀ,ਮੇਰਾ ਵੀਰ ਵੀ ਸਕੂਲ ਨਹੀਂ ਜਾਂਦਾ ਮੈਂ ਵੀ ਨਹੀਂ ਜਾਂਦੀ ,।। ਮੈਂ ਪੁੱਛਿਆ ਤੇਰੇ ਪਾਪਾ ਕੁੱਝ ਨਹੀਂ ਬੋਲਦੇ ਤੇਰੀ ਮੰਮੀ ਨੂੰ ।।।। ਨਹੀ ਵੇਲਣੇ ਨਾਲ ਕੁੱਟਦੀ ,ਫਿਰ ਉਣਾ ਦੀਆਂ ਲੱਤਾਂ ਤੇ ਮਾਰਦੀ,,,

ਮੇਰੇ ਸਿਰ ਤੇ ਸੱਟ ਮੰਮੀ ਨੇ ਲਾਈ । ਮੈਂ ਰੋਟੀ ਮੰਗੀ ਸੀ ਤਾਂ ਮੰਮੀ ਨੇ ਕੋਠੇ ਤੋਂ ਉਲਟਾ ਲਮਕਾ ਦਿੱਤਾ ਥਲੇ ਸੁੱਟ ਦਿੱਤਾ । ਫਿਰ ਸੱਟ ਲੱਗ ਗਈ। ਅੱਜ ਮੈਨੂੰ ਫ਼ਿਰ ਬਹੁਤ ਕੁਟਿਆ । ਪਰ ਅੰਕਲ ਉਹ ਮੇਰੀ ਅਸਲੀ ਮੰਮੀ ਨਹੀਂ **ਮਤਰੇਈ ਮਾਂ** ਹੈ, ਜਦ ਮੈਂ ਬੱਚੀ ਦੇ ਸਰੀਰ ਵੱਲ ਵੇਖਿਆ ਤਾਂ ਲਾਸ਼ਾਂ ਹੀ ਲਾਸਾਂ ਸਨ ।

***ਨਵਨੀਤ ਸਿੰਘ***



# ਪਰਮਾਤਮਾ

ਸਾਰੇ ਦਿਨ ਦਾ ਥਕਿਆ ਟੁਟਿਆ ਘਰ ਆਇਆ ਤਾਂ ਆਉਂਦੇ ਹੀ ਬੱਚਿਆਂ ਨੂੰ ਮਿਲਿਆ। ਦੋ ਪਲ ਸ਼ਰਾਰਤਾਂ ਕੀਤੀਆਂ ਨਾਲ ਤੋਤਲੀ ਜ਼ੁਬਾਨ ਵਾਲੀਆਂ ਗੱਲਾਂ ਨਾਲ ਖੁਸ ਹੋਣ ਦੀ ਕੋਸਿਸ ਕੀਤੀ। ਬਹੁਤ ਖੁਸ ਸੀ ਭੈਣ ਭਰਾਵਾਂ ਦੇ ਸਾਹਮਣੇ। ਸਿਰਫ ਦੋ ਕੁ ਮਿੰਟ ਹੀ ਮਾਤਾ ਬਾਪੂ ਨਾਲ ਗੱਲ ਕੀਤੀ ਤਾਂ ਬਾਪੂ ਉਠ ਕਿ ਆਪਣੀ ਧੀ ਨੂੰ ਕਹਿੰਦਾ,"""ਅੱਜ ਕਾਕਾ ਕੁੱਝ ਗੁਮਸੁਮ ਲੱਗਦਾ""" ਮੈਨੂੰ ਦੀਦੀ ਨੇ ਕਿਹਾ ਬਾਪੂ ਬੋਲ ਰਿਹਾ ਕੋਈ ਟੈਨਸ਼ਨ ਮਨ ਤੇ,,,,,, ਮੈਂ ਹੈਰਾਨ ਸੀ ਜੋ ਗੱਲ ਦੁਨੀਆਂ ਦਾ ਕੋਈ ਇਨਸਾਨ ਨਹੀਂ ਜਾਣਦਾ ਉਹ ਪਰਮਾਤਮਾ (ਬਾਪੂ) ਜਾਣਦਾ। ਉਸਨੂੰ 1 ਪਲ ਹੀ ਮੇਰੇ ਚੇਹਰੇ ਤੇ ਟੈਨਸ਼ਨ ਨਜਰ ਆ ਗਈ ਜੋ ਹੋਰ ਕਿਸੇ ਨੂੰ ਨਹੀਂ ਆਈ।।।

ਮੈਨੂੰ ਐਵੇਂ ਲੱਗਾ ਜਿਵੇਂ **ਪਰਮਾਤਮਾ** ਸਭ ਜਾਣਦਾ

***ਨਵਨੀਤ ਸਿੰਘ***




# ਵਿਧਵਾ ਔਰਤ

ਵਿਸ਼ਵ ਮਹਿਲਾ ਦਿਵਸ ਤੇ ਰਿਪੋਰਟ।

ਕੱਲ ਦੀ ਗੱਲ ਇਹ ਮੈਂ ਤੇ ਮੇਰਾ ਦੋਸਤ ਕਿਸੇ ਦੇ ਘਰ ਗਏ। ਜਿਸ ਘਰ ਗਏ ਉਹ ਬਜ਼ੁਰਗ 70 ਸਾਲ ਦੀ ਵਿਧਵਾ ਔਰਤ ਸੀ। ਘਰ ਦਰਵਾਜਾ ਬੰਦ ਸੀ ਅਸੀਂ ਗੁਆਂਢ ਤੋਂ ਪੁਛਿਆ ਕਹਿੰਦੇ ਸ਼ਾਇਦ ਰਾਸਣ ਲੈਣ ਗਈ ਡੀਪੂ ਵਿਚੋਂ। ਅਸੀਂ ਡੀਪੂ ਤੇ ਪਹੁੰਚ ਗਏ ਓਥੋਂ ਪਤਾ ਲੱਗਾ ਮਾਤਾ ਦਾ ਰਾਸਨਕਾਰਡ ਹੀ ਨਹੀਂ ਰਾਸਣ ਕਿਥੋਂ ਮਿਲੂ ਉਸਨੂੰ। ਸਾਨੂੰ ਬਹੁਤ ਹੈਰਾਨੀ ਹੋਈ ਜਦੋਂ ਇਕ ਹੋਰ ਬਜ਼ੁਰਗ ਨੇ ਕਿਹਾ ਉਹ ਛੱਪੜ ਤੇ ਗਈ ਦਿਹਾੜੀ ਲਾਉਣ।। ਅਸੀਂ ਛੱਪੜ ਤੇ ਪਹੁੰਚ ਗਏ। ਓਹੀ ਗੱਲ ਫਿਰ ਮਹਾਨ ਦੇਸ ਵਾਲੀ ਹੋਈ ਬਜ਼ੁਰਗ ਔਰਤ ਦੀ ਨਾ ਪੈਨਸ਼ਨ ਲੱਗੀ ਨਾ ਅਧਾਰ ਕਾਰਡ ਨਾ ਵਿਧਵਾ ਪੈਨਸ਼ਨ ਨਾ ਰਾਸਣ ਕਾਰਡ,, ਮਾਤਾ ਕੋਲੋ ਸਾਰੀ ਸਟੋਰੀ ਸੁਣੀ ਤੇ ਮਾਤਾ ਦਾ ਰੋਂਦੀ ਦਾ ਗੱਚ ਭਰ ਆਇਆ।। 70 ਕੁ ਸਾਲ ਦੀ ਉਮਰ ਚ ਦਿਹਾੜੀ ਲਗਾ ਕੇ ਕਿਰਾਇਆ ਭਾਰਾ ਇਕੱਠਾ ਕਰਕੇ ਆਪਣੀ ਧੀ ਨੂੰ ਮਿਲਣ ਜਾਂਦੀ ਹਾਂ ਤੇ ਹੁਣ ਪੱਕਾ ਨਹੀਂ ਪਤਾ ਨਰੇਗਾ ਵਾਲੀ ਸਕੀਮ ਦੇ ਪੈਸੇ ਮਿਲਦੇ ਜਾਂ ਨਹੀਂ। ਬਸ ਇਹੋ ਹਾਲ ਹੈ ਸਾਡੀ ਅੱਜ ਦੀ ਮਹਿਲਾ ਦਾ। ਇਹ ਮਹਿਲਾ ਅੱਜ ਕਿਸੇ ਨੂੰ ਪਿੰਡ ਚ ਨਜਰ ਨਹੀਂ ਆਉਂਦੀ ਅਧਾਰ ਕਾਰਡ ਰਾਸਣ ਕਾਰਡ ਪੈਨਸ਼ਨ ਬਣਾਉਣ ਲਈ ਪਰ ਜਦੋਂ ਵੋਟਾਂ ਆ ਗਈਆ ਫਿਰ ਇਹ **ਵਿਧਵਾ ਔਰਤ** ਸਭ ਨੂੰ ਨਜ਼ਰ ਆਵੇਗੀ।

***ਨਵਨੀਤ ਸਿੰਘ***




## ਅੱਤਵਾਦੀ

ਛੁੱਕ ਛੁੱਕ ਕਰਦੀ ਗੱਡੀ ਜਦ ਅਮ੍ਰਿਤਸਰ ਸਟੇਸ਼ਨ ਤੇ ਪਹੁੰਚੀ ਤਾਂ ਵਨ ਸਿਵਨੀਆਂ ਆਵਾਜ਼ਾਂ"ਚਾਏ ਚਾਏ, ਆਈਸਕ੍ਰੀਮ ,ਕੌਫੀ ਤੇ ਅਖ਼ਬਾਰ ਵਾਲਾ ਆਜ ਕੀ ਤਾਜਾ ਖ਼ਬਰ, ਬਸ ਇਸ ਤਰਾਂ ਦੀਆਂ ਆਵਾਜ਼ਾਂ ਮੇਰੇ ਕੰਨਾਂ ਵਿੱਚ ਸੀ। ਮੈਂ ਬਾਹਰਲੀ ਸਟੇਟ ਤੋਂ ਹੋਣ ਕਾਰਣ ਬਹੁਤੀ ਪੰਜਾਬੀ ਨਹੀਂ ਸੀ ਸਮਝ ਸਕਦਾ, ਮੇਰੇ ਨਾਲ ਮੇਰੀ **wife** ਤੇ ਛੋਟਾ ਬੇਟਾ ਸੀ, ਅਸੀਂ ਇੱਕ ਹੋਟਲ ਮਹਾਰਾਜਾ ਚ"ਰੁਕੇ ਸੀ।ਅਗਲੇ ਦਿਨ ਅਸੀਂ ਦਰਬਾਰ ਸਾਹਿਬ ,ਜਿਲਿਆਂ ਵਾਲਾ ਬਾਗ,ਦੁਰਗਿਆਣਾ ਮੰਦਿਰ ਗਏ।

ਅਗਲੀ ਸਵੇਰ ਅਸੀਂ ਸਟੇਸ਼ਨ ਤੇ ਆਏ । ਗੱਡੀ ਨਾਲ ਕੋਈ ਹਾਦਸਾ ਹੋਇਆ ਸੀ ।ਚੀਕ ਚਿਹਾਰੇ ਨਾਲ ,ਵੈਣ ਪਾਉਂਦੇ ਲੋਕ ,ਕੋਈ ਰੋ ਰਿਹਾ ਸੀ ਰਿਸਤੇਦਾਰ ਨੂੰ ,ਕੋਈ ਰਾਜਨੀਤਕ ਨੂੰ, ਕੋਈ ਪਰਿਵਾਰਾਂ ਨੂੰ, ਬਹੁਤ ਭੀੜ ਸੀ ਆਸ਼ੇ ਪਾਸੇ, ਏਨੇ ਨੂੰ ਇੱਕ ਟੀਮ 15-20 ਬੰਦਿਆਂ ਦੀ ਗਈ ਜਿਨ੍ਹਾਂ ਨੇ ਮੂੰਹ ਤੇ ਮਾਸਕ ਪਾਏ ਸੀ। ਸਭ ਨੇ ਕਾਲੇ ਕੱਪੜੇ ਪਾਏ ਸੀ ਨਾਲ ਓਹਨਾ ਦੇ ਧਰਮ ਦਾ ਨਿਸ਼ਾਨ ਸੀ। ਫੌਲਾਦ ਵਰਗੇ ਸਰੀਰ ਲਾਸ਼ਾਂ ਚੁੱਕ ਰਹੇ ਸੀ ਤੇ ਕੋਈ ਬੋਲ ਰਿਹਾ ਸੀ ਖੂਨ ਚਾਹੀਦਾ ਖੂਨ ,ਏਨਾ ਦੀ ਖੁੱਲੀ ਦਾੜੀ ਵੇਖ ਮੇਰੀ ਪਤਨੀ ਡਰ ਗਈ। ਓਹਨੇ ਅਕਸਰ ਕਿਤਾਬਾਂ ਚ ਪੜਿਆ ਸੀ ਅੱਤਵਾਦੀਆਂ ਬਾਰੇ ਪਰ ਵੇਖੇ ਨਹੀਂ ਸੀ। ਇਕ ਦਮ ਚੀਕ ਕਿ ਕਹਿੰਦੀ ਇਹ ਅੱਤਵਾਦੀ ਨੇ

ਮੇਰੇ ਬੇਟੇ ਦੀਆਂ ਅੱਖਾਂ ਵਿੱਚ ਅੱਥਰੂ ਸੀ ਮੇਰਾ ਬੇਟਾ ਕਹਿੰਦਾ Mom they are not terrorists ਇਹ ਅੱਤਵਾਦੀ ਨਹੀਂ ਮੈਂ ਇਹਨਾਂ ਬਾਰੇ ਬਹੁਤ ਜਾਣਦਾ ਹਾਂ ਪਰ ਵੇਖੇ ਕਦੇ ਨਹੀਂ ਸੀ ਕਲ ਜਿਲਿਆਂ ਬਾਗ ਤੇ ਦਰਬਾਰ ਸਾਹਿਬ ਏਨਾ ਦੀਆਂ ਪ੍ਰਾਪਤੀਆਂ ਪੜੀਆਂ ਸਨ। **Mom** ਜੇਕਰ ਕਿਸੇ ਨੂੰ ਕੋਈ ਮੁਸੀਬਤ ਆਵੇ ਨਾ ਕਿਸੇ ਵੀ ਦੇਸ ਅੰਦਰ ਤਾਂ ਇਹ ਲੋਕ ਹੀ ਸਭ ਤੋਂ ਪਹਿਲਾਂ ਪਹੁੰਚ ਦੇ ਹਨ। ਜੋ ਉਹ ਖੂਨ ਮੰਗ ਰਹੇ ਨੇ ਓਹੂ ਤਾਂ ਲੋੜਵੰਧਾ ਲਈ ਮੰਗ ਰਹੇ ਨੇ। ਜੋ ਲੋਕ ਟਰੇਨ ਨਾਲ ਜਖਮੀ ਹੋਏ ਓਹਨਾ ਲਈ।

Papa If terrorists are like that then I also want to become a terrorist

ਪਾਪਾ ਜੇ ਇਹ ਅਤਵਾਦੀ ਹੁੰਦੇ ਹਨ ਮੈਂ ਵੀ ਜਰੂਰ ਇਸ ਤਰਾਂ ਦਾ ਅਤਵਾਦੀ ਬਣਾਗਾ।

ਮੇਰੇ ਬੇਟੇ ਨੇ ਰੋਂਦੇ ਹੋਏ ਮੈਨੂੰ ਵਾਸਤਾ ਪਾਇਆ ਮੇਰੇ ਕੋਲੋ ਰਿਹਾ ਨਾ ਗਿਆ ਆਪਣੇ ਬੇਟੇ ਦੇ ਕੁੱਝ ਨਾ ਬੋਲ ਸਕਿਆ।।ਮੇਰੀਆਂ ਅੱਖਾਂ ਚ ਅੱਥਰੂ ਆ ਗਏ ਤੇ ਮੈਂ ਆਪਣੇ ਬੇਟੇ ਨੂੰ ਕਿਹਾ

My son, If you become like them, I will be proud of you.

ਮਲੇਸ਼ੀਆਂ,ਕਨੈਡਾ, ਅਮਰੀਕਾ,ਹੋਰ ਦੇਸ਼ਾਂ ਚ ਇਹ ਲੋਕ ਆਪਣਾ ਸਿਕਾ ਜਮਾ ਚੁੱਕੇ ਹਨ।

ਹੁਣ ਮੇਰੀ ਪਤਨੀ ਵੀ ਸਮਝ ਚੁੱਕੀ ਸੀ ਇਹ ਲੰਮੀਆਂ ਦੜੀਆਂ ਵਾਲੇ, ਮਾਸਕ ਪਾਉਣ ਵਾਲੇ,ਜਿਨ੍ਹਾਂ ਦੇ ਕੱਪੜਿਆਂ ਤੇ ਧਰਮ ਦਾ ਚਿਨ (ਖੰਡਾ) ਸੀ ਉਹ ਕੋਈ ਹੋਰ ਨਹੀਂ, ਗੁਰੂ ਦਾ ਖਾਲਸਾ ਸੀ। ਜਿਸਨੂੰ ਲੋਕ **ਅੱਤਵਾਦੀ** ਕਹਿੰਦੇ ਨੇ



# ਮਰਦਾਂ ਵਾਲਾ ਵਰਤ

## ਹਰ ਔਰਤ ਵੀ ਰੱਖੇ

ਕਲ ਮੈਂ ਭਜਨੇ ਨੂੰ ਮਿਲਿਆ ਇੱਕ ਸਾਲ ਬਾਅਦ ।ਬਹੁਤ ਬਦਲਾਵ ਸੀ ਉਸ ਵਿੱਚ ਮੈਂ ਪੁੱਛਿਆ ਕੀ ਹੋਇਆ ਕਹਿੰਦਾ । ਮੈਂ ਵਰਤ ਰੱਖਿਆ ਸੀ ਓਦਾ ਅਸਰ ਸਾਰਾ ।। ਮੈਂ ਕਿਹਾ ਵਰਤ ਓਏ ਤੂੰ😆😆

ਇਹ ਤਾਂ ਔਰਤਾਂ ਦਾ ਕੰਮ ਆ ।।

ਆਹੋ ਆਹੋ ਹੈ ਚਾਚਾ !!!! ਹੈ ਤਾਂ ਔਰਤਾਂ ਦਾ ਕੰਮ ਪਰ ਇਹ ਕੰਮ ਮਰਦ ਵੀ ਕਰ ਸਕਦੇ ਪਰ ਥੋੜ੍ਹਾ ਅਉਖਾ

ਮੈਂ ਕਿਹਾ ਉਹ ਕਿਵੇਂ-----

ਵੇਖ ਭਾਈ ਮੈਂ ਵਰਤ ਰੱਖਿਆ ਸੀ ਕਿ ਅੱਜ ਤੋਂ ਬਾਅਦ ਮੈਂ ਝੂਠ ਨਹੀਂ ਬੋਲਾਂਗਾ, ਕਿਸੇ ਦਾ ਬੁਰਾ ਨਹੀ ਕਰਾਂਗਾ ਨਾ ਕਿਸੇ ਬਾਰੇ ਗਲਤ ਸੋਚਾਂਗਾ ਆਪਣੇ ਸੱਸ ਸੋਹਰੇ ਨੂੰ ਵੀ ਆਪਣੇ ਮਾਂ ਪਿਉ ਵਾਂਗ ਸਮਝਾਂਗਾ ਆਪਣੇ ਇਹੋ ਮੰਗਿਆ ਸੀ ਮੈਂ ਆਪਣੇ ਰੱਬ ਕੋਲੋ ਤੇ ਹੋਇਆ ਵੀ ਇਸ ਤਰਾਂ ਹੀ।

ਪਹਿਲਾਂ ਰੋਜਾਨਾ ਝਗੜਾ, ਰੋਜਾਨਾ ਦਾਰੂ ਸਿਕਾ ਸਹੁਰੇ ਘਰ ਲੜਾਈ ! ਆਪਣੇ ਘਰ ਲੜਾਈ! ਹੁਣ ਜਦੋਂ ਵਰਤ ਰੱਖਿਆ ਸੀ ਇਹ ਸੋਚਿਆ ਸੀ ਮੈਂ ਹੁਣ ਚੰਗਾ ਇਨਸਾਨ ਬਣਨ ਦੀ ਕੋਸਿਸ ਕਰਨੀ ਆ। ਮੇਰਾ ਵਰਤ ਪੂਰਾ ਸਫਲ ਆ ।

ਇਸ ਲਈ ਏਨਾ ਬਦਲਾਵ ਮੇਰੇ ਚ"

😇ਮੈਂ ਤੇ ਕਹਿੰਦਾ ਆਹ ਫਜ਼ੂਲ ਦਾ ਵਰਤ ਰੱਖਣਾ ਛੱਡ ਕਿ ਅਸਲੀ ਵਰਤ ਰੱਖੋ । ਇੱਕ ਦਿਨ ਪਤੀ ਨੂੰ ਪੂਜਣ ਨਾਲ ਕਦੇ ਭਲਾਂ ਉਮਰ ਵੀ ਲੰਬੀ ਹੋਈ । ਹੁਣ ਤਾਂ ਚਾਚਾ ਮੇਰੇ ਸਾਰੇ ਪਰਿਵਾਰ ਦੀ ਉਮਰ ਲੰਬੀ ਆ । ਮੈਂ ਆਪਣੇ ਸੱਸ ਸਹੁਰੇ ਨੂੰ ਆਪਣੇ *ਮਾਂ ਬਾਪ ਦੇ ਰੂਪ ਚ ਵੇਖਦਾਂ ਤੇ ਮੇਰੀ ਘਰ ਵਾਲੀਂ ਮੇਰੇ ਮਾਤਾ ਪਿਤਾ ਨੂੰ ਆਪਣਾ ਮਾਤਾ ਪਿਤਾ ਸਮਝਦੀ ਆ । ਹੁਣ *ਧੀ ਬਣ ਕਿ ਖੂਬ ਸੇਵਾ ਕਰਦੀ ! ਹੁਣ ਅਸੀਂ ਸਾਰੇ ਖੁਸ਼ ਹਾਂ ।।।।। ਕਿਉਂ ਚਾਚਾ ਹੋਈ ਨਾ ਉਮਰ ਲੰਬੀ😇😇😇😇😇

ਹਾਂ, ਹਾਂ ਤੂੰ ਬਿਲਕੁਲ ਠੀਕ ਕਿਹਾ ਮੈਂ ਵੀ ਆਪ ਤੇ ਘਰ ਵਾਲੀਂ ਨੂੰ ਇਸ ਵਰਤ ਬਾਰੇ ਦਸਦਾਂ ਕੋਈ ਖਰਚ ਵੀ ਨਹੀਂ ਤੇ ਪਰਿਵਾਰ ਸੁਖੀ ਜਿਉਂਦਾ ਰਹਿ ਪੁੱਤਰਾ ਜਵਾਨੀਆਂ ਮਾਣੇ। ਚੰਗਾ ਮੈਂ ਚੱਲਦਾ----

***ਨਵਨੀਤ ਸਿੰਘ***




# ਇਮਾਨਦਾਰੀ ਦੇ 40 ਰੁਪਏ

ਸੋਮਵਾਰ ਦੀ ਸਵੇਰ ਹੁੰਦਿਆਂ ਹੀ ਮੈਂ 8ਵਜੇ ਡਿਊਟੀ ਤੇ ਚੱਲਿਆ ਸੀ ਪਿੱਛੋਂ ਘਰ ਵਾਲੀਂ ਨੇ ਅਵਾਜ ਮਾਰ ਦਿੱਤੀ ਸੁਣੋ ਅੱਜ ਸ਼ਾਮ ਨੂੰ ਵਧੀਆ ਸਵੀਟਸ ਲੈ ਅਉਣੇ ,ਆਪਣੇ ਘਰ ਅੱਜ ਕਿਟੀ ਪਾਰਟੀ ਆ ਸਾਰੀਆਂ ਸਹੇਲੀਆਂ ਆਉਣੀਆਂ ਤੁਸੀਂ ਟਾਇਮ ਨਾਲ ਆ ਜਾਣਾ ਮੈ ਹਾਂ ਵਿੱਚ ਹਾਂ ਮਿਲਾ ਦਿੱਤੀ। ਠੀਕ ਸ਼ਾਮ 5 ਵਜੇ ਘਰ ਆਇਆ । ਆਏ ਮਹਿਮਾਨਾਂ ਲਈ ਵਧੀਆ ਸਵੀਟਸ ਨਾਲ ਹੋਰ ਪਕਵਾਨ ਲਿਆਂਦੇ ।ਪਾਰਟੀ ਸ਼ੁਰੂ ਹੋਣ ਦੇ ਨਾਲ ਮੱਧਮ ਮੱਧਮ ਮਿਊਜ਼ਿਕ ਨਾਲ ਡਾਂਸ ਸ਼ੁਰੂ ਹੋਇਆ।ਅਖੀਰ ਮਹਿਫਲ ਭਰ ਗਈ ਸੀ। ਅਜੇ ਮੇਰੀ ਘਰ ਵਾਲੀਂ ਨੇ ਮਾਇਕ ਤੇ ਅਨਾਊਂਸ ਹੀ ਕੀਤਾ ਸੀ ਪਲੀਜ ਲੇਡੀਜ਼ ਐਂਡ ਜੈਂਟਲਮੈਂਨ

ਇਕ ਦਮ ਬਹੁਤ ਜ਼ੋਰ ਨਾਲ ਕੱਚ ਦਾ ਸਮਾਨ ਟੁੱਟਾ! ਸਾਰੇ ਅੰਦਰ ਵੱਲ ਦੌੜੇ ਗਏ ਵੇਖਿਆ ਤਾਂ 10 ਸਾਲ ਦੀ ਲਾਡੋ ਜੋ ਸਾਡੇ ਘਰ ਨੋਕਰਰਾਣੀ ਸੀ ਉਸਦੇ ਦੇ ਸਿਰ ਤੋਂ ਹਲਕਾ ਜਿਹਾ ਖ਼ੂਨ ਵਗ ਰਿਹਾ ਸੀ ਜੋ ਕੱਚ ਵੱਜਾ ਸੀ ਉਸ ਕਰਕੇ। ਮੇਰੀ ਘਰਦੀ ਨੇ ਵੇਖਿਆ ਨਹੀਂ 3, 4 ਥੱਪੜ ਛੱਡ ਦਿੱਤੇ ਵਿਚਾਰੀ ਲਾਡੋ ਤੇ, ਬਤਮੀਜ ਅਕਲ ਨਹੀਂ ਤੈਨੂੰ,ਏਨਾ ਕੀਮਤੀ ਡਿਨਰ ਸੈੱਟ ਤੋੜ ਦਿੱਤਾ,ਲਿਆ ਕਿ ਤੇਰਾ ਪਿਓ ਦੇਵੇਗਾ ਸਾਰੀ ਪਾਰਟੀ ਦਾ ਮੂਡ ਖਰਾਬ ਕਰ ਦਿੱਤਾ ਚੱਲ ਸਾਫ਼ ਕਰ ਕਮਰਾ ਤੇ ਦਫ਼ਾ ਹੋ ਜਾ ਇਥੋਂਪਤਾ ਨਹੀਂ ਕਿਥੋਂ ਬੂਥੀ ਚਕ ਆ ਜਾਂਦੀਆਂ ਨੇ !!!!! ਆ ਕੀ ਆ"""""

ਤੇਰੀ ਚੁੰਨੀ ਚ ਪੱਲੇ ਬੰਨਿਆ*

ਅੰਟੀ ਅੰਟੀ ਏ ਮੇਰੇ ਪੈਸੇ ਨੇ ਲਾਡੋ ਨੇ ਚੁੰਨੀ ਸਵਾਰੀ ਕਰਦੇ ਕਿਹਾ

ਮੇਰੀ ਘਰ ਵਾਲੀਂ ਨੇ ਉਸਦੀ ਤਲਾਸ਼ੀ ਲਈ ਤਾਂ ਚੁੰਨੀ ਦੇ ਪੱਲੇ ਦਸਾਂ ਦਸਾਂ ਦੇ 4 ਨੋਟ ਨਿਕਲੇ ਜੋ 40 ਰੁਪਏ ਸਨ

ਆ ਕੀ ਆ ਚੋਰੀ ਕੀਤੀ ਸਾਡੇ ਘਰੋਂ

ਕੁਲੈਣੀ ਕਿਸੇ ਥਾਂ ਦੀ ਚੋਰਨੀ ਚਲ ਦਫ਼ਾ ਹੋ ਜਾ

ਲਾਡੋ ਨੇ ਕਿਹਾ ਅੰਟੀ ਮੈਂ ਜਾਣਬੁੱਝ ਕਿ ਕੁੱਝ ਨਹੀਂ ਤੋੜਿਆ, ਨਾ ਹੀ ਮੈਂ ਕੋਈ ਚੋਰੀ ਕੀਤੀ *ਮੈਂ ਅੱਜ ਕੁਲੈਣੀ ਤੇ ਚੋਰਨੀ ਲੱਗ ਰਹੀ ਤੁਹਾਨੂੰ ਸ਼ਾਇਦ ਤੁਸੀਂ ਪਹਿਚਾਣਿਆ ਨਹੀਂ ਮੈਂ ਓਹੀ ਹਾਂ ਜਿਨਾ ਦੇ ਕਲ ਕੰਜਕਾਂ ਵਾਲੇ ਦਿਨ ਪੈਰ ਧੋ ਪੀਤੇ ਸੀ ਤੇ ਤੁਸੀਂ ਕਿਹਾ ਸੀ ਅੱਜ ਤੇ ਲਾਡੋ ਪੂਰੀ *ਕੋਈ ਦੇਵੀ ਮਾਤਾ ਲੱਗ ਰਹੀ । ਤੇ ਅੰਟੀ ਆਹ ਜੋ ਪੈਸੇ 40 ਰੁਪਏ ਨੇ ਇਹ ਮੈਨੂੰ ਕਲ ਹੋਰਨਾਂ ਦੇ ਘਰੋਂ ਵੀ 10 ,10 ਰੁਪਏ ਮਿਲੇ ਸੀ ਕੰਜਕਾਂ ਦੇ

ਬੈਠਣ ਵੇਲੇ ਏਨਾ ਵਿਚੋਂ 10 ਰੁਪਏ ਤੁਹਾਡੇ ਘਰੋਂ ਵੀ ਮਿਲੇ ਸੀ ਓਹ ਰੱਖ ਲਵੋ ਬਾਕੀ 30 ਰੁਪਏ ਮੋੜ ਦਿਓ ਸ਼ਾਇਦ ਤੁਹਾਡੀ ਪਾਰਟੀ ਚ 10 ਰੁਪਏ ਕੰਮ ਆ ਜਾਣ

ਵਿਚਾਰੀ ਲਾਡੋ ਰੋਂਦੀ ਅੱਖਾਂ ਮਲਦੀ ਆਪਣੇ ਘਰ ਚਲੀ ਗਈ,ਉਸਦੀ ਅਵਾਜ ਅਜੇ ਵੀ ਕੰਨਾਂ ਚ ਗੂੰਜ ਰਹੀ ਸੀ *ਅੰਟੀ ਆਪਣੇ 10 ਰੁਪਏ ਰੱਖੋ ਤੇ 30 ਮੋੜ ਦਿਓਏ ਮੇਰੇ ਇਮਾਨਦਾਰੀ ਦੇ 40 ਰੁਪਏ ਨੇ*

ਮੈਨੂੰ ਅੱਜ ਇਵੇਂ ਲੱਗਾ ਜਿਵੇਂ ਮੇਰੀ ਸਾਰੀ ਉਮਰ ਦੀ ਇਮਾਨਦਾਰੀ ਨਾਲ ਕਮਾਈ ਲਾਡੋ ਦੀ ਇਮਾਨਦਾਰੀ ਨਾਲ ਕਮਾਏ ਪੈਸਿਆਂ ਅੱਗੇ ਕੁੱਝ ਵੀ ਨਹੀਂ ਸੀ

***ਨਵਨੀਤ ਸਿੰਘ***



ਨਵਨੀਤ ਸਿੰਘ {ਚਿੜੀਆਂ}

ਚਿੜੀਆਂ ਦੀ ਚੀਂ ਚੀਂ ਕਰਦੀਆਂ ਅਵਾਜਾਂ ਰੋਜਾਨਾ ਮੈਨੂੰ ਸਵੇਰੇ ਵੇਲੇ ਬਹੁੱਤ ਵਧੀਆ ਲੱਗਦੀਆਂ। ਅਮ੍ਰਿਤ ਵੇਲੇ ਜਦੋਂ ਕੋਈ ਵੀ ਪੰਛੀ ਬੋਲਦਾ ਸਵੇਰ ਹੋਣ ਦਾ ਸੁਨੇਹਾਂ ਕਿਸੇ ਨਾ ਕਿਸੇ ਤਰਾਂ ਦੇ। ਦਿੰਦਾ। ਹਰ ਘਰ ਚ ਅਜਿਹੀਆਂ ਅਵਾਜਾਂ ਬਹੁੱਤ ਦਿਲ ਨੂੰ ਸਕੂਨ ਦਿੰਦੀਆਂ। ਸਮੇ ਦੇ ਨਾਲ ਨਾਲ ਸੋਚ ਵੀ ਬਦਲ ਗਈ ਜਮਾਨੇ ਦੀ ਪੁਰਾਣੇ ਸਮੇ ਚ ਹਰ ਘਰ ਚ' ਪੰਜ ਸੱਤ ਚਿੜੀਆਂ ਜਰੂਰ ਹੁੰਦੀਆਂ ਸੀ। ਜਦੋਂ ਬਨੇਰੇ ਤੇ ਕਾਂ ਵੀ ਬੋਲੇ ਤਾਂ ਘਰ ਵਾਲੇ ਬਹੁੱਤ ਖੁਸ਼ ਹੁੰਦੇ। ਸਾਇਦ ਇਹ ਵਾਹਿਮ ਦੁਨੀਆਂ ਦਾ ਸੀ ਕਿ ਕਾਂ ਬਨੇਰੇ ਤੇ ਬੋਲੇ ਤਾਂ ਘਰ ਵਿੱਚ ਖੁਸ਼ੀ ਆਂਉਦੀ ਹੈ ਅੱਜ ਵੀ ਇਹ ਵਹਿਮ ਹੈ ਲੋਕਾਂ ਚ' ਮੇਰੇ ਆਪਣੇ ਘਰ ਇੱਕ ਨੰਨੀ "ਧੀ" ਨੇ ਜਨਮ ਲਿਆ ਤਾਂ ਸਾਰੇ ਉਦਾਸ ਸੀ ਇਹਨਾ ਚਿੜੀਆਂ ਨਾਲ ਚੀਂ ਚੀਂ ਕਰਨ ਵਾਲੀ ਇੱਕ "ਕੁਲੈਣੀ" ਹੋਰ ਆ ਗਈ ਸੀ । ਮੈਂ ਰੱਬ ਦਾ ਸੁਕਰਾਨਾ ਕੀਤਾ ਧੀ ਹੋਵੇ ਜਾਂ ਪੁੱਤ ਦਾਤ ਤਾਂ ਪ੍ਰਮਾਤਮਾ ਦੀ ਹੈ । ਪਰ ਲੋਕਾਂ ਨੂੰ ਸਾਇਦ ਇਹ ਨਹੀ ਪਤਾ ਕਿ ਚਿੜੀਆਂ ਦਾ ਇੱਕ ਟਿਕਾਣਾ ਨਹੀ ਹੁੰਦਾ ਜਨਮ ਕਿਤੇ ਲੈਂਦੀਆਂ ਨੇ ਤੇ ਰਹਿਣ ਬਸੇਰਾ ਕਿਤੇ ਹੁੰਦਾ ਜੇ ਅਸੀਂ ਇਸ ਤਰਾਂ ਇਹਨਾ ਚੀਂ ਚੀਂ ਕਰਦੀਆਂ ਚਿੜੀਆਂ (ਧੀਆਂ) ਨੂੰ ਮਾਰਦੇ ਰਹਾਂਗੇ ਤਾਂ ਇੱਕ ਦਿਨ ਘਰਾਂ ਚ'ਰਿਸ਼ਤਿਆ ਦੀ ਹੋਂਦ ਖਤਮ ਹੋ ਜਾਵੇਗੀ । ਫਿਰ ਤੁਹਾਨੂੰ ਉਹ "ਕਾਂ" ਵੀ ਬਨੇਰੇ ਤੇ ਨਹੀ ਮਿਲਣੇ ਜਿਸ ਤੋਂ ਖੁਸ਼ੀ ਦੀ ਉਮੀਦ ਰੱਖਦੇ ਹੋ


www.PunjabiLibrary.com



# ਰੱਬ ਸਭ ਵੇਖਦਾ

ਦੋਸਤ ਦੇ ਵੇਅਹ ਤੇ ਰਾਤ 11,30 ਵੱਜ ਗਏ ਨੱਚਦੇ ਟੱਪਦੇ ! ਬੇਫਿਕਰ ਹੋ ਕਿ ਮਸਤੀ ਕਰ ਕਿ ਵਾਪਸ ਘਰ ਆਇਆ ਸੀ! ਘਰ ਕਿਸੇ ਨੂੰ ਪਤਾ ਨਾ ਲੱਗੇ ਇਸ ਲਈ ਦੱਬੇ ਦੱਬੇ ਪੈਰੀਂ ਘਰ ਦਾਖਲ ਹੋਇਆ! ਸ਼ੁਕਰ ਕਿਸੇ ਨੂੰ ਪਤਾ ਨਹੀਂ ਚੱਲਿਆ!! ਅਜੇ ਬਰਾਂਡੇ ਚ ਪੈਰ ਰੱਖਿਆ ਹੀ ਸੀ ਕਿ ਮੇਰੀ ਮਾਂ ਨੇ ਮੈਨੂੰ ਦੇਖਿਆ ,ਓਹ ਜਾਗ ਰਹੀ ਸੀ ਉਸਦੀ ਨਜਰ ਤੋਂ ਮੈਂ ਨਹੀਂ ਬੱਚ ਸਕਿਆ ! ਬਸ ਫਿਰ ਕੀ ਓਹੀ ਹੋਇਆ ਜੋ ਹੁਣ ਤੱਕ ਹੁੰਦਾ ਆਇਆ ,ਖਾ ਰੋਟੀ ਪਹਿਲਾ ਕਿਥੇ ਸੀ ਸਵੇਰ ਦਾ ਕੁੱਝ ਖਾਦਾ ਕਿ ਨਹੀਂ ,ਮੈਂ ਸੋਚਦੀ ਸੀ ਏਨਾ ਹਨ੍ਹੇਰਾ ਕਿਵੇ ਹੋ ਗਿਆ I ਮੈਨੂੰ ਨੀਂਦ ਨਹੀਂ ਸੀ ਆ ਰਹੀ ਤੇਰੇ ਇੰਤਜਾਰ ਵਿੱਚ।। ਹੁਣ ਅਰਾਮ ਨਾਲ ਸੌ ਜਾ , ਮੇਰਾ ਪੁੱਤ,😊😊😊

ਏਨੀ ਗੱਲ ਕਹਿ ਕੇ ਮੇਰੀ ਮਾਤਾ ਸੋ ਗਏ

ਮੈਂ ਇਹੋ ਸੋਚ ਰਿਹਾ ਜਿਵੇਂ ਪਰਮਾਤਮਾ ਦੀ ਨਜ਼ਰ ਤੋਂ ਨਹੀਂ ਕੋਈ ਬਚਦਾ ਇਸ ਤਰ੍ਹਾਂ ਮਾਂ ਬਾਪ ਦੀ ਨਜ਼ਰ ਤੋਂ ਵੀ ਕੋਈ ਨਹੀਂ ਬੱਚਦਾ ਕਦੇ ਕਦੇ ਐਵੇ ਲੱਗਦਾ **ਰੱਬ ਸਭ ਵੇਖਦਾ**

***ਨਵਨੀਤ ਸਿੰਘ***




## ਠੰਡੀ ਚਾਹ

ਆ ਭਈ ਦਲੇਰ ਸਿਆਂ ਆ ਬੈਠ ਜਾ ਅੰਦਰ ਆ ਕਿ AC ਵਾਲੇ ਕਮਰੇ ਚ ਚਾਹ ਦੀ ਚੂਸਕੀ ਲੈ ਗਰਮ ਗਰਮ ।

ਮੈਂ ਕਿਹਾ ਚਾਹ ਬਹੁਤ ਗਰਮ ਆ । ਠੰਡੀ ਦੇ ਦਿਓ ਥੋੜੀ ।

ਨਾ ਨਾ **ਠੰਡੀ ਚਾਹ** ਉਹ ਮਜ਼ਦੂਰਾਂ ਲਈ ਰੱਖੀ ਜਲਦੀ ਪੀਣ ਤੇ ਆਪਣਾ ਕੰਮ ਕਰਨ।

ਜਿੰਨੀ ਗਰਮ ਚਾਹ ਦੇਵੋਗੇ ਓਨਾ ਹੀ ਸਮਾਂ ਬਰਬਾਦ ਕਰਨਗੇ।

ਦਲੇਰ ਦੀ ਏਨੀ ਗੱਲ ਸੁਣਦਿਆਂ ਹੀ ਮੈਨੂੰ ਗਰਮ **ਚਾਹ** ਵੀ **ਠੰਢੀ** ਲੱਗਣ ਲੱਗੀ ਸੀ।

***ਨਵਨੀਤ ਸਿੰਘ***


www.PunjabiLibrary.com




# ਕਿਰਾਇਆ

ਘਰੋਂ ਨਿਕਲਿਆ ਸੀ ਤਾਂ ਬਾਪੂ ਨੇ ਅਵਾਜ ਮਾਰੀ ਚਲਿਆ ਪੁੱਤਰਾ ਪੜਨ
ਹਾਂਜੀ ਹਾਂਜੀ ਬਾਪੂ ਚਲਿਆ !!!!!
ਆਪਣੇ ਪਿੰਡ ਤੋਂ ਆਟੋ ਤੇ ਬੈਠ ਕੇ ਸਹਿਰ ਗਿਆ ਸਹਿਰ ਤੋਂ ਫਿਰ ਬੱਸੇ ਬੈਠਾ ਤੇ ਕਾਲਜ ਗਿਆ !!!!!
ਬੱਸ ਅੱਡੇ ਤੋਂ ਪੈਦਲ 2 ਕੁ ਕਿਲੋਮੀਟਰ ਕਾਲਜ਼ ਜਾਂਦਾ ਸੀ।
ਵਾਪਿਸ ਜਦੋਂ ਆਇਆ ਤਾਂ ਮੈਂ ਆਪਣੇ ਸਹਿਰ ਤੋਂ 10 ਕਿਲੋ ਮੀਟਰ ਪਿੱਛੇ ਉਤਰ ਗਿਆ ਬੱਸ ਵਿਚੋਂ ,ਹੱਥਾਂ ਵਿੱਚ ਦੋ ਕੁ ਕੀਤਾਬਾਂ ਪੈਰੀ ਚੱਪਲ ਤੇ ਲੰਮੀ ਸਾਰੀ ਵੱਡੇ ਵੀਰ ਦੀ ਕਮੀਜ ਪਾਈ ਸੀ
ਪੈਦਲ ਹੀ ਆਪਣੇ ਸਹਿਰ ਵੱਲ ਨੂੰ ਚਾਲੇ ਪੈ ਗਿਆ!!!! 10 ਕਿਲੋ ਮੀਟਰ ਦਾ ਸਫ਼ਰ 2 ਘੰਟੇ ਚ ਪੂਰਾ ਕੀਤਾ ਸੀ।
ਘਰ ਲੇਟ ਪਹੁੰਚਿਆਂ ਤਾਂ ਬਾਪੂ ਨੇ ਪੁੱਛਿਆ ਅੱਜ ਪੁੱਤ ਲੇਟ ਹੋ ਗਿਆ।!!!!!
ਮੈਂ ਹੱਸਕੇ ਕਿਹਾ ਬਾਪੂ ਅੱਜ ਰਿਹਾਸਲ ਸੀ ਮੇਰੀ ਇਸ ਲਈ ਲੇਟ ਹੋ ਗਿਆ
ਮੈਂ ਆਪਣੀ ਗੱਲ ਸਾਰੀ ਡਾਇਰੀ ਤੇ ਲਿਖ ਦਿੱਤੀ
ਜਦੋਂ ਮੈਂ ਬਟਾਲੇ ਤੋਂ ਧਾਰੀਵਾਲ ਦੀ ਬਸ ਚ ਬੈਠਾ ਸੀ ਤਾਂ ਕੰਡਕਟਰ ਨੇ ਮੇਰੇ ਕੋਲੋ ਟਿਕਟ ਦੇ ਪੈਸੇ ਮੰਗੇ ਬਟਾਲੇ ਤੋਂ ਧਰੀਵਾਲ ਦਾ ਕਿਰਾਇਆ 10 ਰੁਪਏ ਸੀ ਓਨਾ ਦਿਨਾਂ ਚ, ਮੈਂ ਕੰਡਕਟਰ ਨੂੰ 5 ਰੁਪਏ ਦਿੱਤੇ ਤੇ ਕਿਹਾ ਮੈਨੂੰ ਧਾਰੀਵਾਲ  ਸਹਿਰ ਉਤਾਰ ਦੇਵੀ ਕਿਹੰਦਾ 10 ਰੁਪਏ ਲੱਗਣੇ ਮੈਂ ਕਿਹਾ ਨ੍ਹੀਂ ਹੈ ਮੇਰੇ ਕੋਲ 10 ਰੁਪਏ।।।। ਕਹਿੰਦਾ ਪਿੱਛੇ ਉਤਰ ਜਾਣਾ ਪਤਾ ਨਈਂ ਕਿਥੋਂ ਕਿਥੋਂ ਆ ਜਾਂਦੇ ।।।।  ਮੈਂ ਓਥੇ ਉਤਰ ਗਿਆ ਕਿਉਂ ਕਿ ਓਥੋਂ ਤਕ 5 ਰੁਪਏ ਹੀ ਲੱਗਦੇ ਸੀ।।।। ਮੈਂ ਸਹਿਰ ਉਤਰ ਗਿਆ ਤੇ ਬਾਕੀ ਸਫਰ ਪੈਦਲ ਹੀ ਚੱਲ ਕਿ ਘਰ ਆ ਗਿਆ।।।।।
ਅੱਜ ਰੱਬ ਦਾ ਦਿੱਤਾ ਸਭ ਕੁੱਝ ਹੈ ਪਰ ਉਹ 5 ਰੁਪਏ ਕਿਰਾਇਆ  ਨ੍ਹੀ  ਭੁੱਲਦਾ ਜਿਸ ਕਾਰਣ ਮੈਨੂੰ ਕੰਡਕਟਰ ਨੇ ਬੱਸ ਵਿਚੋਂ ਉਤਾਰ ਦਿੱਤਾ ਸੀ।.।।।।

🙏ਸ਼ੁਕਰਾਨਾ ਅਕਾਲ ਪੁਰਖੁ ਜੀ ਦਾ🙏 ***ਨਵਨੀਤ ਸਿੰਘ***




## ਮੂਰਖ ਕੌਣ

ਦੁਸਹਿਰੇ ਤੇ ਬਹੁਤ ਰੌਣਕ ਸੀ। ਜਦੋਂ ਬੁੱਤ ਸੜ ਕੇ ਸਵਾਹ ਹੋ ਗਏ ਓਦੋਂ ਮੈਂ ਜਰੂਰ ਗਿਆ ਸੀ ।ਇੱਕ ਛੋਟੀ ਬੱਚੀ ਬੇਫਿਕਰ ਹੋ ਕਿ ਸਵਾਹ ਫਰੋਲ ਰਹੀ ਸੀ। ਕੋਲ ਬਹੁਤ ਵੱਡੇ ਵੱਡੇ ਬੰਬ ਵੀ ਪਏ ਸਨ ਜੋ ਅਣ ਚਲੇ ਸੀ। ਜੇ ਚੱਲ ਜਾਂਦੇ ਤਾਂ ਸ਼ਇਦ ਬੱਚੀ ਝੁਲਸ ਜਾਂਦੀ ,ਮੈਂ ਬੱਚੀ ਨੂੰ ਪਿਆਰ ਨਾਲ ਓਥੋਂ ਜਾਣ ਲਈ ਕਿਹਾ ਉਹ ਜਾਣ ਲਈ ਤਿਆਰ ਨਹੀਂ ਹੋਈ। ਮੈਂ 10 ਦਾ ਨੋਟ ਜੇਬ ਵਿੱਚੋਂ ਕੱਢਿਆ ਤੇ ਬਚੀ ਨੂੰ ਦਿੱਤਾ ਓਸੇ ਵੇਲੇ ਬੱਚੀ ਉੱਠ ਗਈ ਤੇ ਉਹ ਲਿਫ਼ਾਫ਼ਾ ਇੱਕ 35 ਕੁ ਸਾਲ ਦੀ ਉਮਰ ਦੀ ਔਰਤ ਨੂੰ ਦੇ ਦਿੱਤਾ ਜਿਸ ਵਿੱਚ ਸਵਾਹ ਸੀ। ਮੈਂ ਦੇਖ ਕੇ ਹੈਰਾਨ ਹੋਇਆ ਜਿਸ ਔਰਤ ਨੂੰ ਲਿਫ਼ਾਫ਼ਾ ਦਿੱਤਾ ਉਸਦੇ ਨਾਲ ਦੋ ਬੱਚੇ ਸੀ। ਮੈਨੂੰ ਬਹੁਤ ਦੁੱਖ ਹੋਇਆ ਕਿ ਆਪਣੇ ਬੱਚੇ ਕਿਵੇਂ ਛਾਤੀ ਨਾਲ ਲਗਾ ਕੇ ਬੈਠੀ ਸੀ ਜੋ ਸਵਾਹ ਫਰੋਲ ਰਹੀ ਇਹ ਵੀ ਤਾ ਕਿਸੇ ਦੀ ਔਲਾਦ ਹੈ ਸਭ ਤੋਂ ਵੱਡੀ ਮੂਰਖਤਾ ਅੱਜ ਵੀ ਹੈ ਕੋਈ ਘਰ ਸਵਾਹ ਲੈ ਕਿ ਜਾ ਰਿਹਾ ਸੀ ਤੇ ਕੋਈ ਬਾਂਸ ।

ਮੈਨੂੰ ਸਮਝ ਨਹੀਂ ਸੀ ਆ ਰਹੀ **ਮੂਰਖ ਕੌਣ** ਸੀ ਉਹ ਔਰਤ ,ਜਾਂ ਉਹ ਛੋਟੀ ਬੱਚੀ ਜਾਂ ਅਸੀਂ ਲੋਕ 😟😟

***ਨਵਨੀਤ ਸਿੰਘ***



# ਸੁੱਚੇ ਮੋਤੀ

ਕਮਲਾ----ਸੁਣੋ ਜੀ ਮੇਰੀ ਗੱਲ ਦਾ ਗੁਸਾ ਨਾ ਕਰਨਾ

ਆਹ ਵੇਖੋ ਮੰਮੀ ਕਿਦਾਂ ਨਿਆਣਿਆਂ ਦੇ ਉਤੇ ਹੀ ਖ਼ੰਘੀ ਜਾਂਦੀ ਆ।

ਜਦੋਂ ਤੁਸੀਂ ਡਿਊਟੀ ਚੱਲ ਜਾਂਦੇ ਓ। ਮੰਮੀ ਨਿੱਕੂ ਨੂੰ ਖਾਣ ਲਈ ਕਦੇ ਰੋਟੀ ਕਦੇ ਬਿਸਕਿਟ, ਕਦੇ ਕੁੱਝ ਫੜਾ ਦਿੰਦੀ, ਹੋਰ ਤੇ ਹੋਰ ਮੂੰਹ ਵੀ ਪਤਾ ਨਈਂ ਕਿੰਨੀ ਵਾਰ ਚੁੰਮਦੀ, ਮੈਂ ਤਾਂ ਕਹਿੰਦੀ ਏਨਾ ਨੂੰ ਅੱਲਗ ਕਮਰੇ ਚ ਕਰਦੋ ਬਚਿਆ ਨੂੰ ਵੀ ਕੋਈ ਬਿਮਾਰੀ ਨਾ ਲੱਗੇ।

ਆਹ ਵੇਖੋ ਆਪਣੀ ਗੁਆਂਢਣ ਸਾਰਾ ਦਿਨ ਕਿਦਾਂ ਹੱਸਦੀ ਖੇਡਦੀ ਰਹਿੰਦੀ ਆ, ਘਰ ਵਾਲਾ ਵੀ ਸਰੀਆਂ ਗ਼ਲਾਂ ਮੰਨਦਾ ਓਦੀਆਂ ,ਰਹਿੰਦੀ ਵੀ ਇਕੱਲੀ

ਹੂੰ ----ਇੱਕ ਤੁਸੀਂ ਓ ਕਦੇ ਸੁਣਦੇ ਈ ਨਹੀਂ ਕਿਨੀ ਵਾਰ ਕਿਹਾ ਬੇਬੇ ਬਾਪੂ ਨੂੰ ਅਲੱਗ ਕਰਦੋ।

ਚੱਲ ਕਮਲਾ ਤੈਨੂੰ ਦਸਾਂ ਤੇਰੀ ਗੁਆਂਢਣ ਕਿਉਂ ਖੁਸ ਰਹਿੰਦੀ ਸਾਰਾ ਦਿਨ ਤੇ ਤੂੰ ਕਿਉਂ ਦੁਖੀ।।।।।।

ਆਹ ਵੇਖ ਆਪਣੇ ਗੁਆਂਢੀਆਂ ਦਾ ਘਰ , ,,,,,, ਜਦ ਇਹ ਗੁਆਂਢੀ ਦੋਵੇਂ ਜੀ ਕੰਮ ਤੇ ਚਲੇ ਜਾਂਦੇ ਤਾਂ ਆਪਣੇ ਛੋਟੇ ਬੱਚਿਆਂ ਲਾਗੇ 2 ਸੁੱਚੇ ਮੋਤੀ ਛੱਡ ਜਾਂਦੇ ਆ, ਬੱਚੇ ਸਾਰਾ ਦਿਨ ਓਹਨਾ ਨਾਲ ਖੇਡਦੇ ਆ ,ਬੱਚੇ ਕਦੇ ਮੋਤੀ ਚੁੰਮਦੇ ਤੇ ਕਦੇ ਮੋਤੀ ਬੱਚਿਆਂ ਨੂੰ,ਪਰ ਬਿਮਾਰੀ ਦਾ ਕੋਈ ਡਰ ਨਹੀਂ ਏਨਾ ਨੂੰ,--

ਹੈਂ ------- ਸੁਚੇ ਮੋਤੀ ਬੱਚਿਆਂ ਨੂੰ ਸੰਭਾਲਦੇ ਏ ਕਿਦਾਂ ਦੀ ਗੱਲ ਹੋਈ , ਮੈਂ ਵੀ ਉਹ ਮੋਤੀ ਵੇਖਣੇ ,,, ਕਮਲਾ ਜਿਦ ਕਰਨ ਲੱਗੀ.

ਮੈਂ ਦਰਵਾਜਾ ਖੋਲਿਆ ਤਾਂ ਕਮਲਾ ਵੇਖ ਹੈਰਾਨ ਰਹਿ ਗਈ ਦੋ ਨਿੱਕੇ ਨਿੱਕੇ ਬੱਚੇ ਸੱਚ ਹੀ ਸੁੱਚੇ ਮੋਤੀਆਂ ਨਾਲ ਖੇਡ ਰਹੇ ਸੀ

ਕਦੇ ਇਹ ਸੁਚੇ ਮੋਤੀ ਬੱਚਿਆਂ ਲਈ ਘੋੜਾ ਬਣ ਜਾਂਦੇ ਕਦੇ ਸ਼ੇਰ ਤੇ ਕਦੇ ਕੁੱਝ

ਇਹ ਮੋਤੀ ਕੋਈ ਹੋਰ ਨਹੀਂ ਏਨਾ ਬੱਚਿਆਂ ਦੇ ਦਾਦਾ ਦਾਦੀ ਸਨ

ਇਹ ਸਭ ਵੇਖ ਕਮਲਾ ਦੀਆਂ ਅੱਖਾਂ ਵਿਚੋਂ ਹੰਝੂ ਆ ਗਏ।।।।।

ਹਾਂ---- ਮੇਰੇ ਦਾਦਾ ਦਾਦੀ ਨੇ ਵੀ ਮੈਨੂੰ ਏਦਾਂ ਹੀ ਲਾਡ ਚਾਵਾਂ ਨਾਲ ਪਾਲਿਆ ਸੀ ਕਮਲਾ ਨੇ ਰੋਂਦੇ ਹੋਏ ਕਿਹਾ

ਕਮਲਾ ਨੇ ਆਪਣੀ ਗਲਤੀ ਮੰਨਦਿਆਂ ਆਪਣੇ ਬੱਚਿਆਂ ਨੂੰ ਦਾਦਾ ਦਾਦੀ ਦੇ ਹੱਥ ਫੜਾਉਂਦੇ ਕਿਹਾ

ਭਾਪਾ ਜੀ ਆਹ ਲਵੋ ਆਪਣੀ ਖ਼ੁਸ਼ੀ ਆਪਣਾ ਪੋਤਾ, ਤੇ ਆਪਣੀ ਪੋਤੀ

ਦੋਸਤੋ -ਬਜ਼ੁਰਗ **ਸੁੱਚੇ ਮੋਤੀ** ਦੀ ਤਰਾਂ ਹੁੰਦੇ ਅਗਰ 1ਵਾਰ ਮਾਲਾ ਵਿਚੋਂ ਮੋਤੀ ਖਿਲਰ ਜਾਣ ਤਾਂ ਫਿਰ ਉਹ ਮਾਲਾ ਕਿਸੇ ਕੰਮ ਦੀ ਨਹੀਂ ਰਹਿੰਦੀ।

ਫਿਰ ਓਹ ਘਰ ਪਰਿਵਾਰ ਹੋਵੇ ਜਾਂ ਮੋਤੀਆਂ ਦੀ ਮਾਲਾ

ਬਜ਼ੁਰਗਾਂ ਦਾ ਸਤਿਕਾਰ ਗੁਰੂ ਦਾ ਸਤਿਕਾਰ 1 ਬਰਾਬਰ ਹੈ !!!!

# "ਸੋਨਾ" ਮਿੱਟੀ ਹੁੰਦਾ ਦੇਖ ਰੋ ਪਿਆ "ਅੰਨਦਾਤਾ"

21 April, 2018, 05:42 am



## ਤੇ ਅੰਨਦਾਤਾ ਰੋ ਪਿਆ

ਪੁੱਤਾਂ ਵਾਂਗ ਪਾਲੀ ਫਸਲ ਤੋਂ ਮੈਨੂੰ ਬਹੁਤ ਉਮੀਦਾਂ ਸੀ । ਖੁਲ੍ਹੇ ਮੈਦਾਨਾਂ ਚ ਲਹਿਰਾਉਂਦੀ ਫ਼ਸਲ ਜਿਵੇਂ ਸੋਨਾ ਹੋਵੇ। ਸੋਚਿਆ ਸੀ ਫਸਲ ਦੇ ਇਸ ਪੈਸੇ ਨਾਲ ਇਸ ਵਾਰ ਆੜਤੀਏ ਦਾ ਤੇ ਬੈਂਕ ਦਾ ਕਰਜ਼ਾ ਵੀ ਉਤਾਰ ਦੇਵਾਂਗਾ। ਸੁੱਖ ਨਾਲ ਆਪਣੀ ਵੱਡੀ ਧੀ ਲਾਡੋ ਦੇ ਵੀ ਹੱਥ ਪੀਲੇ ਕਰਨੇ ਨੇ। ਇਹੋ ਦਿਲ ਚ ਵਲਵਲੇ ਉਠਦੇ ਰਹਿੰਦੇ ਹਰ ਵੇਲੇ । ਕਦੇ ਕਾਪੀ ਫੜ ਵਾਹੀ ਖਾਤਾ ਵੇਖਣਾ ਕਿਸ ਦਾ ਉਧਾਰ ਲੈਣਾ ਦੇਣਾ ਹੈ। ਇਸ ਵਾਰ ਆਪਣੇ ਵੀ ਦੋ ਕੁੜਤੇ ਚਾਦਰੇ ਤੇ ਆਪਣੀ ਤੀਵੀਂ ਨੂੰ ਸੋਹਣਾ ਸੂਟ ਲਿਆ ਦੇਣਾ। ਤੇ ਜੋ ਆਪਣੇ ਘਰ ਕਾਰਸੇਵਾ ਵਾਲੇ ਭਾਈ ਆਉਂਦੇ ਓਹਨਾ ਨੂੰ ਗੁਰੂ ਘਰ ਲਈ 2 ,ਜਾਂ 3 ਕੁਇੰਟਲ ਕਣਕ ਵੀ ਦੇ ਦੇਵਾਂਗੇ। ਅਜਿਹੇ ਖਿਆਲ ਆਉਂਦੇ ਦਿਲ ਚ ਫਸਲ ਕਦੋਂ ਵੱਡੀ ਹੋਈ ਕਦੋਂ ਪੱਕੀ ਸਮੇ ਦਾ ਪਤਾ ਨਹੀਂ ਚਲਿਆ। ਅਚਾਨਕ ਕਿਸੇ ਨੇ ਦਰਵਾਜਾ ਖੜਕਿਆ ਓ ਜਾਗਰਾ ਓ ਜਾਗਰਾ* ਮੈਂ ਢਿਲਾ ਜਿਹਾ ਪੜਨਾ ਸਿਰ ਤੇ ਲਵੇਟਦਾ ਬਾਹਰ ਆਇਆ

* ਹਾਂ ਭਉ ਦੱਸ

ਤੂੰ ਇਥੇ ਸੁਤਾ ਪਿਆ ਬਾਹਰ ਤੇਰੇ ਖੇਤਾਂ ਨੂੰ ਅੱਗ ਲੱਗ ਗਈ ਸਾਰੀ ਕਣਕ ਦੀ ਫਸਲ  ਸੜ ਤਬਾਹ ਹੋ ਗਈ।। ਏਨੇ ਨੂੰ ਜਾ ਵੇਖਿਆ ਸੱਚ ਹੀ ਫਸਲ ਤਬਾਹ ਸੀ ਪਿੰਡ ਗਲੀ ਗੁਆਂਢ ਨੇ ਰਲ ਮਿਲ ਹੌਂਸਲਾ ਦਿੱਤਾ ਪਰ ਓਹ ਕੋਈ ਨਾ ਆਇਆ ਜੋ ਹਰ ਸਾਲ ਗੁਰੂ ਘਰ ਲਈ ਕਣਕ ਦੀਆਂ ਬੋਰੀਆਂ ਲੈ ਜਾਂਦੇ ਸੀ । ਪਰ ਓਹ ਕੋਈ ਨਹੀਂ ਬਹੁੜਿਆ ਜੋ ਹਰ ਸਾਲ ਉਗਰਾਹੀ ਕਰਕੇ ਲੈ ਜਾਂਦੇ ਸੀ। ਲਾਡੋ ਦੇ ਹੱਥ ਪੀਲੇ ਕਰਨ ਚ ਫਿਰ ਸਮਾਂ ਲੱਗਣਾ ,ਕਰਜਾ ,ਵਾਹੀ ਖਾਤਾ ,ਨਵੇਂ ਕੁੜਤੇ ਚਾਦਰੇ ਅਜਿਹੀ ਸੋਚਾਂ ਸੋਚ ਸੋਚ ਤੇ ਸੋਨਾ ਮਿੱਟੀ ਚ ਮਿਲਦਾ ਵੇਖ  ਅੰਨਦਾਤਾ ਰੋਂਦਾ  ਆਪਣੀ ਸੜਦੀ ਫਸਲ ਦੇ ਖੇਤ ਤੋਂ ਬਾਹਰ ਆ ਗਿਆ।

***ਨਵਨੀਤ ਸਿੰਘ***



# ਵਸੀਅਤ

## ਜਵਾਨ ਧੀ ਪੁੱਤ 1 ਵਾਰ ਜਰੂਰ ਪੜਨ

ਸਾਇਕਲ ਦੇ ਡੰਡੇ ਨਾਲ ਇੱਕ ਲਿਫ਼ਾਫ਼ਾ ਟੰਗਿਆ ਸੀ ਬਾਪੂ ਨੇ। ਮੈਂ ਜਦ ਵੀ ਸ਼ਹਿਰ ਜਾਂਦਾ ਬਾਪੂ ਨਾਲ ਅੱਗੇ ਬੈਠ ਇਹੀ ਪੁੱਛਦਾ ,,ਬਾਪੂ ਆ ਲਿਫ਼ਾਫ਼ਾ ਕਾਤੋਂ ਟੰਗਿਆ ਕੀ ਆ ਇਦੇ ਵਿੱਚ,, ਤੇ ਬਾਪੂ ਨੇ ਮੇਰੀ ਗੱਲ ਹੱਸ ਕਿ ਟਾਲ ਦੇਣੀ । ਮਾਂ ਦੇ ਗੁਜਰਨ ਤੋਂ ਬਾਅਦ ਬੱਪੂ ਨੇ ਹੀ ਸਾਨੂੰ ਮਾਂ ਦਾ ਪਿਆਰ ਦਿੱਤਾ। ਤਿੰਨ ਭੈਣਾਂ ਦਾ ਮੈਂ ਇਕਲੌਤਾ ਵੀਰ ਸਭ ਤੋਂ ਛੋਟਾ ਸੀ। ਬਾਪੂ ਅਕਸਰ ਏਹੋ ਕਹਿੰਦਾ ਭੈਣਾਂ ਨੂੰ। ਤੁਹਾਡੀ ਮਾਂ ਸਿਰ ਤੇ ਨਹੀਂ ਏ ,ਵੇਖਣਾ ਕੀਤੇ ਮੇਰੀ ਪੱਗ ਨੂੰ ਦਾਗ ਨਾ ਲਗਾ ਦੇਣਾ ਤੇ ਰੋਂਦੇ ਨੇ ਸਾਨੂ ਸਭ ਨੂੰ ਗਲਵਕੜੀ ਚ ਲੈ ਲੈਣਾ।

ਵੱਡੀ ਭੈਣ ਦਾ ਵੇਅਹ ਧਰਿਆ ਤਾਂ ਚਾਈਂ ਚਾਈਂ ਮੈਂ ਬਾਪੂ ਨਾਲ ਸਾਇਕਲ ਤੇ ਇੱਕ ਵੱਡੀ ਸਾਰੀ ਦੁਕਾਨ ਤੇ ਗਿਆ । ਵੱਡੀਆਂ ਵੱਡੀਆਂ ਲੈਟਾਂ ਤੇ ਗੱਦੇ ਲਗੇ ਸੀ । ਬਾਪੂ ਨੇ ਆਪਣੀ ਜੁਤੀ ਬਾਹਰ ਉਤਾਰ ਲਈ ਤੇ ਮੈਂ ਵੀ। ਸਿਰ ਤੇ ਟੇਡਾ ਪਰਨਾ ਤੇ ਮੇਰੀ ਪਾਟੀ ਨਿੱਕਰ ਵੱਲ ਵੇਖ ਦੁਕਾਨ ਵਾਲੇ ਨੇ ਘੂਰੀ ਜਿਹੀ ਵੱਟੀ,,
ਬਾਪੂ ਨੇ ਦੋਹੇਂ ਹੱਥ ਜੋੜ ਕਿਹਾ ਲਾਲਾ ਜੀ ਰਾਮ ਰਾਮ,ਤੇ ਲਿਫ਼ਾਫ਼ਾ ਲਾਲੇ ਨੂੰ ਫੜਾ ਦਿੱਤਾ ,ਲਾਲੇ ਨੇ ਘੁਸੜ ਮੁਸਰ ਕੀਤਾ ਤੇ 1 ਬੰਡਲ ਪੈਸਿਆਂ ਦਾ ਬਾਪੂ ਨੂੰ ਫੜਾ ਦਿੱਤਾ। ਬਾਪੂ ਦਿਆਂ ਅੱਖਾਂ ਚ ਖੁਸ਼ੀ ਜਿਹੀ ਨਜਰ ਆਈ ,ਭੈਣ ਦਾ ਚਾਵਾਂ ਨਾਲ ਵੇਆਹ ਕੀਤਾ ਬਾਕੀ ਦੋ ਰਹਿੰਦੀਆਂ ਭੈਣਾਂ ਨੂੰ ਖੂਬ ਪੜ੍ਹਾਇਆ ਤੇ ਵੇਅਹ ਕੀਤੇ ਮੈਂ ਵੀ ਨਾਲ ਨਾਲ ਪੜਦਾ ਗਿਆ ।
ਮੈਂ ਹਮੇਸ਼ਾ ਬਾਪੂ ਨਾਲ ਲੜਦਾ ਕਿ ਤੂੰ ਧੀਆਂ ਦਾ ਸੋਚਿਆ ਮੇਰੇ ਬਾਰੇ ਕੁੱਝ ਨਹੀਂ , ਤਾਂ ਬਾਪੂ ਨੇ ਹਸ ਕਿ ਕਹਿਣਾ ਪੁੱਤਰ ਫਿਕਰ ਨਾ ਕਰ ਸਭ ਕੁੱਝ ਤੇਰਾ ਈ ਆ , ਕਦੇ ਕਦੇ ਤਾਂ ਘਰ 2 ਜਾਂ 4 ਬੰਦੇ ਵੀ ਆਉਂਦੇ ਕੋਈ ਕਿਸਤ ਮੰਗਣ ਪਰ ਮੇਰੀ ਸਮਝ ਤੋਂ ਬਾਹਰ ਸੀ ਕਿਉਂਕਿ ਕਦੇ ਬਾਪੂ ਨੇ ਜਿਕਰ ਨਹੀਂ ਸੀ ਕੀਤਾ ਕਿਸਤ ਕਾਹਦੀ ਆ , ਅਉਖੇ ਸੌਖੇ ਮੇਰੇ ਬਾਪੂ ਨੇ ਮੈਨੂੰ ਵਿਦੇਸ਼ ਭੇਜਿਆ। ਬਾਪੂ ਆਪ ਬਜ਼ੁਰਗ ਹੋ ਗਿਆ ਸੀ ਕਿਹੜਾ ਸੰਭਾਲਦਾ ਫਿਰੇ ਡਾਲਰਾਂ ਦੀ ਚਮਕ ਨੇ ਮੈਨੂੰ ਪਾਗਲ ਬਣਾ ਦਿੱਤਾ ਸੀ ,ਕੁੱਝ ਸਾਲ ਬਾਅਦ ਆਪ ਬਾਪੂ ਮੰਜੇ ਤੇ ਪੈ ਗਏ ਸਨ ਪਰ ਮੈਨੂੰ ਖਬਰ ਤੱਕ ਨਾ ਦਿਤੀ ਕਿਸੇ ਨੇ , ਬਾਪੂ ਏਹੋ ਕਹਿੰਦਾ ਕੰਮ ਤੇ ਹੋਣਾ ਮੇਰਾ ਪੁੱਤ ਓਨੂੰ ਨਾ ਦੱਸਣਾ ,ਬਿਰਧ ਉਮਰ ਤੇ ਕੰਬਦਾ ਸਰੀਰ ਸਾਥ ਨਹੀਂ ਸਨ ਦਿੰਦੇ ਅਖੀਰ ਬਾਪੂ ਜੀ ਚੜ੍ਹਾਈ ਕਰ ਗਏ । ਬਾਪੂ ਦੀ ਮੌਤ ਦੀ ਖਬਰ ਸੁਣ ਮੈਂ ਘਰ ਆ ਗਿਆ ਘਰ ਆ ਕਿ ਫਿਰ ਓਹੀ ਖਿਆਲ ਕੇ ਬਾਪੂ ਨੇ ਸਾਡੇ ਲਈ ਕੀਤਾ ਕੀ ਏ।ਜਲਦੀ ਰਸਮ ਰਿਵਾਜ ਕਰਕੇ ਵਿਦੇਸ਼ ਚਲਾ ਜਾਵਾਂਗਾ, ਘਰ ਵਿੱਚ ਓਹੀ ਪੁਰਾਣਾ ਸਾਈਕਲ ਵੇਖਿਆ ਜਿਸ ਤੇ ਬੈਠ ਬਾਪੂ ਨਾਲ ਓ ਵੱਡੀ ਦੁਕਾਨ ਤੇ ਜਾਂਦਾ ਸੀ ਲਾਲੇ ਕੋਲ, ਮੈਂ ਆਪਣੀ ਗੱਡੀ ਲਈ ਤੇ ਉਸ ਲਾਲੇ ਕੋਲ ਚਲ ਗਿਆ ਤੇ ਲਾਲਾ ਮੇਰੀ ਚਮਕ ਦਮਕ ਦੇਖ ਕਿ ਕਹਿਣ ਲੱਗਾ ਆਓ ਜੀ ਬੈਠੋ ਠੰਢਾ ਲਵੋਗੇ ਜਾਂ ਗਰਮ, ,,ਨਹੀਂ ਨਹੀਂ ਕੁੱਝ ਨਹੀਂ ਮੈਂ ਦੁਕਾਨ ਤੇ ਲੱਗੀਆਂ ਵੱਡੀਆਂ ਲੈਟਾਂ ਵਲ ਵੇਖ ਕਿ ਬੋਲਿਆ,, ਲਾਲਾ ਮੈਨੂੰ ਪਛਾਣ ਗਿਆ ਸੀ ਮੈਂ ਲਾਲੇ ਨੂੰ ਕਿਹਾ ਲਾਲਾ ਜੀ, ਮੈਂ ਆਪਣੇ ਬਾਪੂ ਨਾਲ਼ ਤੁਹਾਡੀ ਦੁਕਾਨ ਤੇ ਆਇਆ ਸੀ ਤੇ ਬਾਪੂ ਅਕਸਰ ਤੁਹਾਨੂੰ 1 ਲਿਫ਼ਾਫ਼ਾ ਫੜਾਉਂਦਾ ਸੀ ਤੇ ਤੁਸੀਂ ਪੈਸੇ ਦਿੰਦੇ ਸੀ। ਹਾਂ ਹਾਂ ਯਾਦ ਆ ਮੈਨੂੰ,
ਲਾਲਾ ਜੀ ਅਖ਼ੀਰ ਉਸ ਲਿਫਾਫੇ ਚ ਕੀ ਸੀ ਜੋ ਤੁਸੀਂ ਬਾਪੂ ਨੂੰ ਪੈਸੇ ਦਿੰਦੇ ਸੀ।
ਲਾਲੇ ਨੇ ਓ ਲਿਫ਼ਾਫ਼ਾ ਮੈਨੂੰ ਫੜਾਉਂਦਿਆ ਕਿਹਾ,
ਜਦੋਂ ਤੇਰੀ ਭੈਣ ਦਾ ਵੇਅਹ ਸੀ ਤੇ ਤੂੰ ਪੜਦਾ ਸੀ ਬਾਪੂ ਤੇਰੇ ਨੇ ਕੁੱਝ ਪੈਸੇ ਉਧਾਰੇ ਲਏ ਸਨ। ਇਸ ਤਰਾਂ ਤੇਰੀਆਂ ਭੈਣਾਂ ਦਾ ਵੇਅਹ ਕੀਤਾ ਏ ਕਰਜਾ ਲੈ ਕਿ, ਫਿਰ ਜਦੋਂ ਤੂੰ ਵਿਦੇਸ਼ ਜਾਣਾ ਸੀ ਤਾਂ ਪੈਸੇ ਨਹੀਂ ਸੀ ਤੇਰੇ ਬਾਪੂ ਕੋਲ
ਤੇਰੇ ਲਈ ਕਰਜਾ ਚੁਕਿਆ ਸੀ ਇਸ ਲਿਫਾਫੇ ਵਿਚ ਤੇਰੇ ਘਰ ਦੀ ਵਸੀਅਤ ਦੇ ਪੇਪਰ ਸੀ ਜੋ ਮੇਰੇ ਕੋਲ ਗਿਰਵੀ ਰੱਖੇ ਸਨ ਤੇ ਤੈਨੂੰ ਵਿਦੇਸ਼ ਭੇਜਿਆ ਸੀ । ਆਹ ਲੈ ਪੁੱਤਰ ਲਿਫ਼ਾਫ਼ਾ ਤੇਰੇ ਬਾਪੂ ਨੇ ਮੇਰਾ ਸਾਰਾ ਕਰਜਾ ਦੇ ਦਿਤਾ ਸੀ । ਇਹ ਹੁਣ ਮੇਰੇ ਕਿਸੇ ਕੰਮ ਨਹੀਂ
ਏਨੀ ਗਲ ਸੁਣ ਮੇਰੀਆਂ ਅੱਖਾਂ ਚ ਅੱਥਰੂ ਸੀ ਤੇ ਦਿਮਾਗ ਚ ਓਹੀ ਬਾਪੂ ਦੀ ਗੱਲ ,,, ਓ ਪੁੱਤਰਾ ਸਭ ਕੁੱਝ ਤੇਰਾ ਏ,
ਬਾਪੂ ਨੇ ਸੱਚ ਕਿਹਾ ਸੀ ਸਭ ਕੁੱਝ ਮੇਰਾ ਏ ਪਰ ਬਾਪੂ ਤੇਰੇ ਬਿਨਾ ਇਹ ਸਭ ਕੂੜ ਏ
ਮੈਨੂੰ ਮੁਆਫ ਕਰੀਂ ਬਾਪੂ ਮੈਂ ਤੈਨੂੰ ਇਹੀ ਕਹਿੰਦਾ ਰਿਹਾ ਤੂੰ ਮੇਰੇ ਲਈ ਕੁੱਝ ਨਹੀਂ ਕੀਤਾ।
ਹੁਣ ਮੇਰੇ ਕੋਲ ਪਛਤਾਵੇ ਤੋਂ ਇਲਾਵਾ ਕੁੱਝ ਨਹੀਂ ਸੀ

ਦੋਸਤੋ ਮਾਂ ਬਾਪ ਹਮੇਸ਼ਾਂ ਆਪਣੇ ਧੀਆਂ ਪੁੱਤਾਂ ਲਈ ਹੀ ਸਾਰੀ ਉਮਰ ਕਮਾਉਂਦੇ ਨੇ ਧੀ ਪੁੱਤ ਹੀ ਮਾਂ ਬਾਪ ਦੀ ਅਸਲੀ **ਵਸੀਅਤ** ਹੁੰਦੀ ਨੇ ਫੋਕੀਆਂ ਸੁਹਰਤਾਂ ਏਨਾ ਅੱਗੇ ਕੂੜ ਨੇ ।



# **ਮੈਂ ਕੀ ਗਲਤ ਕਿਹਾ** ??

ਹੈਲੋ !!! ਨਵਨੀਤ ਬੋਲਦਾ
ਹਾਂਜੀ !!! ਨਵਨੀਤ ਬੋਲਦਾ ਜੀ
ਵਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ!!!
ਮੈਂ ਮੈਨਜਰ ਬੋਲਦਾ ਗੁਰਦੁਆਰਾ ਸਾਹਿਬ ਤੋਂ।। ਮੈਂ ਕਿਹਾ ਹੁਕਮ ਕਰੋ ਮੈਨਜਰ ਸਾਹਿਬ।।। ਮੈਨਜਰ ਕਹਿੰਦਾ ਨਗਰ ਕਿਰਤਨ ਆ ਰਿਹਾ ਸਾਡੇ ਏਸ ਰਸਤੇ ਨੂੰ ,ਅਸੀਂ ਚਹੁੰਦੇ ਹਾਂ ਨਗਰ ਕੀਰਤਨ ਦਾ ਸਵਾਗਤ ਕਰੀਏ। ਮੈਂ ਕਿਹਾ ਜਰੂਰ ਜੀ। ਕਰਨਾ ਚਾਹੀਦਾ।।

ਓਹੋ !!!! ਮੇਰਾ ਮਤਲਬ ਲੋਕਾਂ ਨੇ ਲੰਗਰ, ਲਗਾਏ ਆ ਪਿਛਲੇ ਪਿੰਡਾਂ ਵਾਲਿਆਂ ਨੇ ਅਸੀਂ ਵੀ ਲਗਾ ਲੀਏ ਕੁੱਝ ਨਾ ਕੱਝ------
ਮੈਂ ਕਿਹਾ !!!!! ਮੈਨਜਰ ਸਾਹਿਬ , ਮੈਂ ਲੰਗਰ ਦਾ ਵਿਰੋਧੀ ਨਹੀਂ !!!! ਪਰ ਮੇਰੀ 1 ਗੱਲ ਖਿਆਲ ਨਾਲ ਸੁਣੋ।।
15 ਕਿਲੋਮੀਟਰ ਤੋਂ ਨਗਰ ਕਿਰਤਨ ਅਉਨਾ, ਤੇ 20 ਪਿੰਡ ਰਸਤੇ ਚ ਪੈਂਦੇ ਮਸਾਂ 3 ਜਾਂ 2 ਕਿਲੋ ਮੀਟਰ ਤੇ ਲੰਗਰ ਵੀ ਬਹੁਤ ਲੱਗੇ। ਇਸ ਲਈ ਮੈਨਜਰ ਸਾਬ੍ਹ ਗੱਲ ਏਦਾਂ ਮੇਰੇ ਕੋਲ ਕੁੱਝ ਬੱਚਿਆਂ ਦੀ ਲਿਸਟ ਆ ਜਿਨ੍ਹਾਂ ਦੀਆਂ ਕਾਲਜ ਫੀਸਾਂ ਦੇਣ ਵਾਲੀਆਂ ਨੇ ਬਹੁਤ ਲੋੜਵੰਧ ਪਰਿਵਾਰ ਨੇ ਕਿਉਂ ਨਾ ਅਸੀਂ ਓਹਨਾ ਬੱਚਿਆਂ ਦੀ ਫੀਸ ਦਾ ਪ੍ਰਬੰਧ ਕਰੀਏ , 1 ਲੰਗਰ ਨਾ ਲੱਗੇਗਾ ਤਾਂ ਕੋਈ ਫ਼ਰਕ ਨਹੀਂ ਪੈਣਾ। ਅਗਲੇ ਸਾਲ ਲੰਗਰ ਲਗਾ ਲਵਾਂਗੇ। ਇਹੀ ਸਿਧਾਂਤ ਹੈ ਸਿੱਖੀ ਦਾ ਗਰੀਬ ਦਾ ਮੂੰਹ ਗੁਰੂ ਦੀ ਗੋਲਕ""" ਇਸ ਤਰਾਂ ਬੱਚਿਆਂ ਦਾ ਸਾਲ ਵੀ ਬਰਬਾਦ ਨਹੀਂ ਹੋਵੇਗਾ ਤੇ ਪੜ ਵੀ ਜਾਣਗੇ।।
ਏਨੀ ਗੱਲ ਸੁਣਕੇ ਮੈਨਜਰ ਨੇ ਫੋਨ ਕੱਟ ਦਿੱਤਾ
ਮੈਂ ਹੈਲੋ!!!! ਹੈਲੋ!!!!! ਕਰਦਾ ਰਿਹਾ ਤੇ ਬਾਅਦ ਚ ਸੋਚਿਆ ਭਲਾਂ **ਮੈਂ ਕੀ ਗਲਤ ਕਿਹਾ** ?????

***ਨਵਨੀਤ ਸਿੰਘ***



# ਯਤੀਮ ਕੌਣ ਬਾਪ ਜਾਂ ਧੀਆਂ

ਲੋਹੜੀ ਤੇ ਵਿਸ਼ੇਸ਼

ਲੋਹੜੀ ਤੋਂ 1 ਦਿਨ ਪਹਿਲਾਂ ਲੰਮੇ ਅਰਸੇ ਤੋਂ ਬਾਅਦ ਪਿੰਡ ਆਇਆ ਸੀ । ਪਿੰਡ ਦਾ ਵਾਤਵਰਨ ਤੇ ਖੁਸ਼ੀਆਂ ਖੇੜੇ ਹੋਰ ਬਹੁਤ ਉਮੰਗਾਂ ਲੈ ਆਇਆ ਸੀ ਦਿਲ ਚ, ਘਰ ਚ ਬਹੁਤ ਰੋਣਕ ਸੀ। ਮੇਰੇ ਛੋਟੇ ਬੇਟੇ ਬਹੁਤ ਖ਼ੁਸ਼ ਸਨੁ।

ਮੇਰਾ ਮਨ ਉਦਾਸ ਸੀ ਅੱਜ ਲੋਹੜੀ ਸੀ ਇੱਕ ਵੀ ਟੋਲੀ ਲੜਕੀਆਂ ਦੀ ਛੋਟੇ ਬੱਚਿਆਂ ਦੀ ਘਰ ਨਹੀਂ ਆਈ ਲੋਹੜੀ ਮੰਗਣ। ਸਾਰੀ ਗਲੀ ਮੁਹੱਲੇ ਬੱਚੇ ਜਾਂਦੇ ਪਰ ਮੇਰੇ ਘਰ ਕੋਈ ਨਹੀਂ ਆਇਆ। ਮੈਂ ਉਦਾਸ ਜਿਹੇ ਮਨ ਨਾਲ ਬੇਬੇ ਨੂੰ ਕਿਹਾ । ਬੇਬੇ ਸਾਡੇ ਘਰ ਇੱਕ ਦੋ ਬੱਚੇ ਆਏ ਲੋਹੜੀ ਲੈਣ ਹੋਰ ਕੋਈ ਵੀ ਨਹੀਂ ਆਇਆ। ਬੇਬੇ ਨੇ ਹੌਕਾ ਲੈਂਦਿਆ ਕਿਹਾ । ਪੁੱਤ ਤੂੰ ਭਾਵੇਂ ਵਿਦੇਸ ਤੋਂ ਆਇਆ ਪਰ ਲੋਕਾਂ ਦੇ ਦਿਲ ਚ ਅਜੇ ਵੀ ਓਹੀ ਨਫਰਤ ਆ ਤੇਰੇ ਪ੍ਰਤੀ !

ਜਦੋਂ ਤੇਰੇ ਘਰ ਕੋਈ ਲੋਹੜੀ ਮੰਗਣ ਆਉਂਦਾ ਸੀ ਤਾਂ ਤੇਰਾ ਜਵਾਬ ਹੁੰਦਾ" " ਆਹ ! ਕੁੜੀਆਂ ਦੀ ਕਾਹਦੀ ਲੋਹੜੀ"

" ਚਲੋ ਚਲੋ ਭਜੋ ਏਥੋਂ !! ਪਰ ਤੂੰ ਇੱਕ ਨਾ ਮੰਨੀ ਮੇਰੀ ਤੇ ਆਪਣੇ ਪਿਉ ਦੀ ! ਵਿਦੇਸ ਜਾਣ ਦੇ ਕਾਰਣ ! ਜੋ ਧੀਆਂ ਤੂੰ ਯਤੀਮ ਖਾਨੇ ਛੱਡ ਗਿਆ ਸੀ ਉਹ ਸਾਰੇ ਪਿੰਡ ਨੂੰ ਪਤਾ ਸੀ। ਇਸ ਲਈ ਸਾਡੇ ਘਰ ਕੋਈ ਲੋਹੜੀ ਮੰਗਣ ਨਹੀਂ ਆਇਆ। ਮੈਂ ਚੁਪ ਚਾਪ ਉੱਠਿਆ ਤੇ ਚਲਾ ਗਿਆ । ਸ਼ਾਮ ਨੂੰ ਆਪਣੇ ਘਰ ਵੱਡੀ ਪਾਰਟੀ ਦਾ ਸਭ ਨੂੰ ਸਦਾ ਭੇਜਿਆ। ਸਾਰਾ ਪਿੰਡ ਆਇਆ ਸੀ। ਸਾਰੇ ਪਿੰਡ ਨੂੰ ਰੋਟੀ ਤੇ ਹੋਰ ਵਧੀਆ ਪਕਵਾਨ ਖਿਲਾਏ ਗਏ। ਮੇਰੀ ਬੇਬੇ ਨੇ ਪੁੱਛਿਆ ਪੁੱਤ ਆ ਕਿਦਾਂ । ਸਵੇਰੇ ਕੋਈ ਨਹੀਂ ਆਇਆ ਹੁਣ ਸਾਰਾ ਪਿੰਡ ਹੀ ਆ ਗਿਆ।

ਬੇਬੇ ਪੁੱਤਰਾਂ ਦੀ ਲਾਲਸਾ ਨੇ ਮੈਨੂੰ ਅੰਨਾ ਕਰ ਦਿੱਤਾ ਸੀ ਕਿ ਸ਼ਾਇਦ ਪੁੱਤਾਂ ਦੇ ਨਾਲ ਖੁਸ਼ੀ ਮਿਲੂ ਪਿੰਡ ਜਾ ਕਿ !! ਪਰ ਸਵੇਰੇ ਤੂ ਜਦੋਂ ਸਾਰੀ ਗੱਲ ਦਸੀ ਤਾਂ ਉਸੇ ਟਾਇਮ ਮੈ ਗੱਡੀ ਲੈ ਕਿ ਯਤੀਮ ਖ਼ਾਨੇ ਗਿਆ। ਓਥੇ ਆਪਣਾ ਐਡਰੈੱਸ ਦੱਸਿਆ ਅੰਦਰੋਂ ਅਵਾਜ ਮਾਰੀ ਮੈਡਮ ਨੇ " ਰਾਣੋ" ਨੀ ਰਾਣੋ,, ਗੁੱਡੀ ਬਾਹਰ ਆ ਵੇਖ ਕੌਣ ਆਇਆ।

ਬੇਬੇ ਮੇਰੀਆਂ ਧੀਆਂ ਨੂੰ ਜਿਵੇਂ ਮੇਰੀ ਅਉਣੇ ਦੀ ਮਹਿਕ ਆ ਗਈ ਹੋਵੇ। ਬੇਬੇ ਮੈਨੂੰ ਏਦਾਂ ਗਲੇ ਚ ਲੈ ਰੋਈਆਂ ਜਿਵੇਂ ਇੱਕ ਵੱਡੀ ਧੀ ਡੋਲੀ ਜਾਣ ਵੇਲੇ ਆਪਣੇ ਪਿਤਾ ਗ਼ਲ ਲੱਗ ਰੋਂਦੀ ਵੇਖੀ। ਤੇ ਆਖੀ ਜਾਣ ਪਾਪਾ ਸਾਨੂੰ ਛੱਡ ਕਿ ਨਾ ਜਾਣਾ!! ਮੈਂ ਏਨਾ ਨੂੰ ਨਾਲ ਲੈ ਗੱਡੀ ਚ ਬਿਠਾ ਸਾਰੇ ਪਿੰਡ ਨੂੰ ਦਸ ਆਇਆ ਸੀ ਮੇਰੇ ਘਰ ਵੀ ਆਉਣਾ ਅੱਜ "" ਮੇਰੀਆਂ ਧੀਆਂ ਦੀ ਲੋਹੜੀ ਆ ਬੇਬੇ ਬਹੁਤ ਅਸੀਸਾਂ ਮਿਲੀਆਂ ਲੋਕਾਂ ਕੋਲੋਂ ਜਿੰਨੀ ਨਫਰਤ ਮੈਨੂੰ ਲੋਕ ਕਰਦੇ ਸੀ ਅੱਜ ਓਨਾ ਹੀ ਪਿਆਰ ਇਹਨਾਂ ਦੇ ਕਰਕੇ ਮੈਨੂ ਮਿਲਿਆ। ਮੈਨੂੰ ਮੁਆਫ ਕਰੀਂ ਬੇਬੇ !!

ਪੈਸੇ ,ਪੁੱਤਾਂ ਦੇ ਲਾਲਚ ਚ ਏਨਾ ਅੰਨਾ ਸੀ ਪਰ ਅੱਜ ਯਕੀਨ ਹੋਇਆ **ਯਤੀਮ ਮੇਰੀਆਂ ਧੀਆਂ ਨਹੀਂ ਮੈ ਬਣ ਗਿਆ ਸੀ**!!!

***ਨਵਨੀਤ ਸਿੰਘ***

www.PunjabiLibrary.com



# ਕਾਸ!!!! ਰੱਬ 1 ਧੀ ਦੇ ਦਿੰਦਾ

ਸੂਬਾ ਸਿੰਘ ਦੀ ਘਰਵਾਲੀ ਜਦ ਮਰੀ ਤਾਂ ਆਪਣੇ ਸਿਰ ਦੇ ਸਾਈਂ ਹੱਥ 3 ਬੱਚਿਆਂ ਦੀ ਉਂਗਲ ਫੜਾ ਗਈ। ਮਰਨ ਤੋਂ ਪਹਿਲਾਂ ਅਕਸਰ ਕਹਿੰਦੀ ਸੀ ਮੇਰੇ ਬਚੇ ਕਦੇ ਭੁੱਖੇ ਨਾ ਰੱਖਣਾ ਕਿਸੇ ਵੀ ਤਰਾਂ ਦੀ ਕਮੀ ਨਾ ਆਉਣ ਦੇਣਾ। ਸੂਬਾ ਸਿੰਘ ਵੀ ਪੂਰਾ ਉਮੀਦਾ ਤੇ ਖੜਾ ਉਤਰਿਆ ਆਪਣੇ ਬੱਚਿਆਂ ਨੂੰ ਅੱਤ ਦੀ ਗਰੀਬੀ ਵਿੱਚ ਵੀ ਆਪ ਭੁੱਖੇ ਪੇਟ ਰਹਿ ਰਹਿ ਕਿ ਪੜਾਇਆ ਲਿਖਾਇਆ ।

7 ਸਾਲ ਖੁਦ ਰੋਟੀ ਪਕਾ ਕਿ ਸਕੂਲ ਕੰਮ ਤੇ ਭੇਜਦਾ ਰਿਹਾ ਪੂਰੇ 3 ਟਾਇਮ ਦੀ ਰੋਟੀ।।ਓ ਗੱਲ ਵੱਖਰੀ ਸੀ ਕੀਤੇ ਕੋਈ ਨੌਕਰੀ ਭਤੇ ਦਾ ਕੰਮ ਨਹੀਂ ਬਣਿਆ। ਸੂਬਾ ਬਹੁਤ ਖ਼ੁਸ਼ ਸੀ ਉਸਨੇ ਆਪਣੇ ਹੱਥੀਂ ਆਪਣੇ ਬੱਚੇ ਵੇਅਹ ਲੇ ਸਨ।ਪਰ ਸੂਬਾ ਸਿੰਘ ਨੂੰ ਇਹ ਖੁਸ਼ੀ ਨਸੀਬ ਨਾ ਹੋਈ।ਜਦ ਬੁਢੇਪਾ ਆਇਆ ਤਾਂ ਸੂਬਾ ਸਿੰਘ ਦਾ ਚੂਲਾ ਟੁੱਟ ਗਿਆ 5 ਦਿਨ ਹੋ ਗਏ ਘਰ ਬੈਠਿਆਂ ਕਿਸੇ ਨੇ ਵੀ ਆਪਣੇ ਬਾਪੂ ਨੂੰ ਹੱਥ ਨਹੀਂ ਪਾਇਆ । ਸਿਰਫ ਇਸ ਕਰਕੇ ਜੋ ਵੀ ਹਸਪਤਾਲ ਲੈ ਕਿ ਗਿਆ ਸਾਰਾ ਖਰਚਾ ਉਸਨੂੰ ਕਰਨਾ ਪੈਣਾ। ਹੋਇਆ ਵੀ ਇਸ ਤਰਾਂ ਹੀ। ਅੱਜ ਜਦ ਅਸੀਂ ਸੂਬਾ ਸਿੰਘ ਨੂੰ ਹਸਪਤਾਲ ਮੰਜੇ ਤੇ ਪਿਆ ਵੇਖਿਆ ਤਾਂ ਬੁੱਢੀ ਦੇਹ ਨਾਲ ਹੱਥ ਕੰਬ ਰਹੇ ਸੀ। ਬੋਲਿਆ ਜਾ ਨਹੀਂ ਸੀ ਰਿਹਾ। ਮੈਂ ਤੇ ਮੇਰੇ ਸਾਥੀ ਨੇ ਉਸਦੇ ਲੜਕੇ ਨੂੰ ਹੌਸਲਾ ਦਿੱਤਾ ਕਿ ਫਿਕਰ ਨਾ ਕਰਨਾ ਸੂਬਾ ਸਿੰਘ ਦਾ ਸਾਰਾ ਖਰਚਾ ਕਰ ਲਵਾਂਗੇ ਇੱਕ ਦਮ ਉਸਦੀਆਂ ਅੱਖਾਂ ਵਿੱਚ ਖੁਸ਼ੀ ਆ ਗਈ ਸੀ । ਮੇਰਾ ਦਿਲ ਚ ਇੱਕ ਸਵਾਲ ਵਾਰ ਵਾਰ ਸੋਚਣ ਤੇ ਮਜਬੂਰ ਕਰ ਰਿਹਾ ਸੀ ਜਿਸ ਸੂਬਾ ਸਿੰਘ ਨੇ ਆਪਣੀ ਔਲਾਦ ਨੂੰ ਕਦੇ ਤੱਤੀ ਵਾ ਨਹੀਂ ਲੱਗਣ ਦਿਤੀ ਅੱਜ ਓਹੀ ਔਲਾਦ ਉਸਨੂੰ ਪੁੱਛ ਨਹੀਂ ਰਹੀ।

ਮੈਨੂੰ ਸੂਬਾ ਸਿੰਘ ਦੀਆਂ ਅੱਖਾਂ ਪੜ ਕਿ ਇੰਝ ਲਗਾ ਜਿਵੇਂ ਉਹ ਕਹਿ ਰਿਹਾ ਹਵੇ

**ਕਾਸ!!! ਰੱਬ ਕੋਈ ਧੀ ਦੇ ਦਿੰਦਾ**

ਕੋਈ ਦੁੱਖ ਨਾ ਝਲਣਾ ਪੈਂਦਾ।।।।

*ਨਵਨੀਤ ਸਿੰਘ ਧਾਰੀਵਾਲ

www.PunjabiLibrary.com




# ਪਹਿਲੀ ਤੇ ਅਖੀਰਲੀ ਫੋਟੋ

ਥਾਣੇਦਾਰ ਜੀ ਰਿਪੋਰਟ ਲਿਖਉਣੀ ਆ- ਮੇਰੇ ਮਾਤਾ ਪਿਤਾ ਨਹੀਂ ਮਿਲੇ ਅਜੇ ਤੱਕ

14 ਕੁ ਸਾਲ ਦੀ ਬਾਲੜੀ ਨੇ ਕਿਹਾ!!!

ਥਾਣੇਦਾਰ----- ਹਾਂ ਕੁੜੀਏ ਕੀ ਨਾਮ ਤੇਰਾ----

ਜੀ ਮੇਰਾ ਨਾਮ -- ਪਤਾ ਨਹੀਂ

ਪਿਤਾ ਦਾ ਨਾਮ --ਪਤਾ ਨਹੀਂ---

ਮਾਤਾ ਦਾ ਨਾਮ --ਪਤਾ ਨਹੀਂ----

ਫਿਰ ਰਹਿੰਦੀ ਕਿਥੇ ------

ਕਦੇ ਫੁੱਟਪਾਥ ,ਕਦੇ ਸੜਕ ਤੇ ,ਕਦੇ ਸਟੇਸ਼ਨ ਤੇ😥

ਓਹੋ ਮੇਰਾ ਮਤਲਬ ਘਰ ਪਰਿਵਾਰ ਕਿਥੇ ਤੇਰਾ -----

ਜੀ ਮੇਰਾ ਘਰ ------ਹਾਂ ! ਹਾਂ ! ਤੇਰਾ ਘਰ ਪੁੱਛ ਰਿਹਾ !!

ਮੈਨੂੰ ਤਾਂ ਪਤਾ ਨਹੀਂ ਪਰ ਕੁੱਝ ਰੇਲਵੇ ਦੇ ਕੁਲੀ ਦੱਸਦੇ ਨੇ ਇੱਕ ਦਿਨ ਉਹ ਸਮਾਂਨ ਚੁੱਕ ਰਹੇ ਸਨ ਤਾਂ ਟਰੇਨ ਚ ਬਣੇ ਬਾਥਰੂਮ ਤੋਂ ਇੱਕ ਨਵਜੰਮੀ ਬੱਚੀ ਮਿਲੀ ਜਿਸਦੀ ਖਬਰ ਅੱਗ ਵਾਂਗ ਫੈਲ ਗਈ। ਓਹ ਮੈਨੂੰ ਚੁੱਕ ਕਿ ਹਸਪਤਾਲ ਲੈ ਗਏ ਸ਼ਾਇਦ ਮ੍ਰਿਤਕ ਆ। ਪਰ ਮੇਰੇ ਸਾਹ ਚਲਦੇ ਸੀ ਡਾਕਟਰਾਂ ਨੇ ਕੁਲੀ ਨੂੰ ਪੁੱਛਿਆ ਤਾਂ ਕੁਲੀ ਨੇ ਸਾਰੀ ਗੱਲ ਡਾਕਟਰ ਨੂੰ ਦੱਸੀ ਕਿਵੇਂ ਕਿਥੋਂ ਕਿਸ ਹਾਲਤ ਚ ਮਿਲੀ। ਬਾਅਦ ਚ ਪਤਾ ਚੱਲਿਆ ਕਿ ਕਿ ਮੈਂ ਭਰੂਣ ਹਾਂ!!!

Ok ok ਕੋਈ ਫੋਟੋ ਹੈ ਤੇਰੇ ਕੋਲ ਬਚਪਨ ਦੀ !!!

ਹਾਂਜੀ ਹਾਂਜੀ !!!! ਇੱਕ ਗੰਦੇ ਮੈਲੇ ਝੋਲੇ ਅੰਦਰੋਂ ਫੋਟੋ ਕੱਢ ਕਿ ਬੋਲੀ

ਜੀ ਆਹੀ ਫੋਟੋ ਮੇਰੇ ਕੋਲ **ਪਹਿਲੀ ਤੇ ਅਖੀਰਲੀ ਫੋਟੋ ਹੈ**

ਹੁਣ ਕਦੇ ਥਾਣੇਦਾਰ ਫੋਟੋ ਵੇਖੇ ਕਦੇ ਉਸ ਬੱਚੀ ਵਲ😥

***ਨਵਨੀਤ ਸਿੰਘ***


www.PunjabiLibrary.com




## ਮਾਂ ਦੀਆਂ ਬਾਹਾਂ ਚ ਨਿੱਘ

ਸਿਆਲ ਦੀ ਪਹਿਲੀ ਰਾਤ ਨੇ ਮੋਸ਼ਮ ਸੁਹਾਵਣਾ ਕਰ ਦਿੱਤਾ ਸੀ। ਅੱਧੀ ਕੁ ਗਰਮੀ ਅੱਧਾ ਕੁ ਸਿਆਲ ਐਵੇਂ ਦੇ ਦਿਨ ਸੀ ।

ਮੇਰੀ ਬੇਬੇ ਨੇ ਅਵਾਜ ਲਗਾਈ -------

ਕਾਕੇ ਓ ਕਾਕੇ----ਮੰਜਾ ਵੇਹੜੇ ਵਿਚੋਂ ਅੰਦਰ ਕਰ ਪੁੱਤ ਠੰਡ ਹੋ ਗਈ ਆ -----ਮੈਂ ਆਪਣੇ ਧਿਆਨ ਮੋਬਾਇਲ ਨਾਲ ਲੱਗਾ ਰਿਹਾ,,

5"7 ਵਾਰ ਬੇਬੇ ਦੇ ਕਹਿਣ ਤੇ ਮੈਂ ਮੰਜਾ ਅੰਦਰ ਕਰ ਲਿਆ, ਮੈਂ ਤੇ ਬੇਬੇ ਲੰਮੇ ਪੈ ਗਏ , ਮੈਂ ਮੋਬਾਇਲ ਤੇ **chat** ਕਰਦਾ ਰਿਹਾ ਤੇ ਬੇਬੇ ਮੇਰੀ ਗ਼ਲਾਂ ਸੁਣਾ ਰਹੀ ਸੀ, ਮੈਂ ਬੇਬੇ ਦੀਆਂ ਗੱਲਾਂ ਦਾ ਝੂਠਾ ਹੀ ਹੁੰਘਾਰਾ ਦਿੰਦਾ ਰਿਹਾ ਜਿਵੇਂ ਬੇਬੇ ਦੀ ਗੱਲ ਗੌਰ ਨਾਲ ਸੁਣ ਰਿਹਾ ਹੋਵਾਂ ਪਾਸਾ ਵੱਟ ਮੈਂ ਮੋਬਾਈਲ ਤੇ ਲੱਗਾ ਰਿਹਾ । ਜਿਵੇਂ ਅੱਜ ਕਲ ਸਾਰੇ ਲੱਗੇ ਰਹਿੰਦੇ।।

ਕਾਕੇ!!! ਪੁੱਤ ਘਰ ਚ" ਤੇਲ ਵੀ ਨਹੀਂ,, ਦੁੱਧ ਵਾਲੇ ਦੇ ਪੈਸੇ ਦੇਣੇ ਆ,ਤੇ ਚੱਕੀ ਤੋਂ ਆਟਾ ਵੀ ਲਿਆਉਣਾ। ਇਸ ਵਾਰ 250 ਰੁਪਏ ਪੈਨਸ਼ਨ ਮਿਲੀ ਸੀ ਉਹ ਮੈਂ ਦਾਰੂ ਲੈ ਆਂਦਾ ਸੀ। ਬੇਬੇ ਦੀਆਂ ਗੱਲਾਂ ਸੁਣ ਸੁਣ ਮੈਨੂੰ ਕਦੋਂ ਨੀਂਦ ਆ ਗਈ ਪਤਾ ਨਾ ਲੱਗਾ।

ਸਵੇਰੇ ਉਠਿਆ ਸੀ ਤਾਂ, ਬੇਬੇ ਨੇ ਘੁੱਟ ਚਾਹ ਦਿੱਤੀ। ਮੈਂ ਘੁੱਟ ਭਰਦਿਆਂ ਕਿਹਾ ਬੇਬੇ ਓ ਬੇਬੇ - ਰਾਤੀ ਕਿੰਨੀ ਠੰਡ ਸੀ ਮੈਨੂੰ ਪਤਾ ਲੱਗਾ ਕਿਵੇਂ ਗੂੜੀ ਨੀਂਦ ਆ ਗਈ ਬਾਅਦ ਚ ਨਿੱਘ ਬਹੁਤ ਲੱਗਾ ਸੀ ਰਾਤੀ।

ਮੇਰੀ ਬੇਬੇ ਨੇ ਮੇਰੇ ਮੱਥੇ ਤੇ ਹੱਥ ਪਲੋਸਦਿਆਂ ਕਿਹਾ " ਹਾਂ ਪੁੱਤ--ਰਾਤ ਬਹੁਤ ਠੰਡ ਸੀ---ਰਾਤ 2 ਕੁ ਵੱਜੇ ਸੀ ਉਦੋਂ ਠੰਡ ਨਾਲ ਤੂੰ ਏਧਰ ਓਧਰ ਪਲਟੀਆਂ ਮਾਰ ਰਿਹਾ ਸੀ। ਮੈਨੂੰ ਪਤਾ ਲੱਗਾ ਠੰਡ ਲੱਗ ਰਹੀ ਤੈਨੂੰ ਫਿਰ ਮੈਂ ਆਪਣਾ ਕੰਬਲ ਤੈਨੂੰ ਦਿੱਤਾ ਤੇ ਆਪਣੀਆਂ ਬਾਹਾਂ ਚ ਲੈ ਲਿਆ ਕਿ ਠੰਡ ਨਾ ਲੱਗੇ ਮੇਰੇ ਪੁੱਤ ਨੂੰ। ਫਿਰ ਤੂੰ ਸੌਂ ਗਿਆ ਸੀ ਅਰਾਮ ਨਾਲ-----ਤਾਂ ਨਿੱਘ ਲੱਗਾ ਸੀ"

ਮੈਂ ਬੇਬੇ ਨੂੰ ਆਪਣੇ ਗੱਲ ਨਾਲ ਲਾਉਂਦਿਆ ਕਿਹਾ ਅੱਖਾਂ ਚ ਅੱਥਰੂ ਭਰੇ ਮਨ ਨਾਲ ਕਿਹਾ ---

ਸੱਚ ਬੇਬੇ- ਜੋ ਨਿੱਘ ਮਾਂ ਦੀਆਂ ਬਾਹਾਂ ਚ ਹੈ ਉਹ ਨਿੱਘ ਦੁਨੀਆਂ ਦੇ ਕਿਸੇ ਕੋਨੇ ਚ ਨਹੀਂ।

ਜਿਉਂਦੀ ਰਹਿ ਬੇਬੇ

***ਨਵਨੀਤ ਸਿੰਘ***




# ਵੇਟਰ

ਪਿਛਲੇ ਦਿਨੀ ਮੈਂ ਕੋਈ ਪ੍ਰੋਗਰਾਮ ਦੀ ਕਵਰਜ ਕਰ ਰਿਹਾ ਸੀ। ਉਚੇ ਘਰਾਣੇ ਦੇ ਲੋਕ ਆਏ ਸਨ। ਲੜਕੀਆਂ ਲੜਕੇ  ਔਰਤਾਂ ਸਭ ਨੇ ਵਖੋ ਵੱਖਰੇ ਮਹਿੰਗੇ ਲਿਬਾਸ ਦਸ ਰਹੇ ਸਨ ਕਿ ਅਸੀਂ ਬਹੁਤ ਪੜੇ ਲਿਖੇ ਹਾਂ। ਇਨੇ ਨੂੰ ਇੱਕ ਜੈਂਟਲਮੈਨ ਮੇਰੇ ਕੋਲ ਆਇਆ ਕਹਿੰਦਾ ਪਾਜੀ pen ਹੈਗਾ  ਨੰਬਰ ਲਿਖਣਾ ---- ਮੈਂ ਕਿਹਾ ਨਹੀਂ ਪਾਜੀ ਜਦੋਂ ਦਾ ਮੋਬਾਈਲ ਰੱਖਿਆ ਕਦੇ ਲੋੜ ਨਹੀਂ ਪਈ। ਮੇਰੇ ਸਾਹਮਣੇ ਉਸਨੇ ਬਹੁਤ ਲੋਕਾਂ ਕੋਲੋਂ PEN ਮੰਗਿਆ। ਪਰ ਕਿਸੇ ਕੋਲੋਂ ਨਾ ਮਿਲਿਆ। ਇਨੇ ਮਹਿੰਗੇ ਪਹਿਰਾਵੇ ਵੇਖ ਐਵੇਂ ਲੱਗਦਾ ਸੀ ਜਿਵੇਂ  ਸਭ ਕੋਲ PEN ਹੋਵੇ।

ਜੈਂਟਲਮੈਂਨ ਨੇ ਇੱਕ 30 ਕੁ ਸਾਲ ਦੇ ਲੜਕੇ ਨੂੰ ਆਵਾਜ਼ ਮਾਰੀ-----

ਓ ਏਧਰ ਆ ਗੱਲ ਸੁਣ-- PEN ਹੈ ਤੇਰੇ ਕੋਲ-----

ਅੱਗੋਂ ਜਵਾਬ ਮਿਲਿਆ

Yes sir why not I have a pen,  ਹਾਂਜੀ ਸਰ ਕਿਉ ਨਹੀ ਮੇਰੇ ਕੋਲ ਹੈ pen

ਜਦੋਂ ਇੰਨੀ ਗਲ ਕਹੀ ਤਾਂ ਉਸ ਜੈਂਟਲਮੈਨ ਨੇ ਉਸਦੀ ਬੋਲੀ ਤੇ ਉਸਦੇ ਕੱਪੜਿਆਂ ਵੱਲ ਵੇਖਿਆ ਤੇ ਕਿਹਾ

ਤੂੰ ਕੋਈ ਰਿਸਤੇਦਾਰ ਏਨਾ ਦਾ ਤੇ ਕੱਪੜੇ ਤੂੰ ਏਦਾਂ ਪਾਏ ਜਿਵੇਂ ਦਿਹਾੜੀਦਾਰ ਹੋਵੇਂ

ਏਥੇ ਪੂਰੇ ਪੰਡਾਲ ਚ ਕਿਸੇ ਕੋਲੋਂ PEN ਨਹੀਂ ਮਿਲਿਆ ਕਿੰਨੀਆਂ ਕਲਾਸਾਂ ਪੜੀਆਂ ਤੂੰ

**I did my MA in English but I couldn't get any suitable  job so I am doing this part ime waiter job. Today is Sunday so I came to  this program**

ਮੈਂ M:A ਇੰਗਲਿਸ਼ ਕੀਤੀ ਪਰ ਕੀਤੇ ਜੋਬ ਨਹੀਂ ਮਿਲੀ।  ਇਸ ਲਈ ਮੈਂ  ਵੇਟਰ ਦਾ ਕੰਮ ਕਰਦਾ ਹਾਂ। ਅੱਜ ਐਤਵਾਰ ਦੀ ਛੁਟੀ ਸੀ ਇਸ ਲਈ ਇਸ ਪ੍ਰੋਗਰਾਮ ਤੇ ਆ ਗਿਆ।

**Sorry sir** ਮੇਰੇ ਕੱਪੜੇ ਦਿਹਾੜੀਦਾਰ ਵਾਲੇ ਜਰੂਰ ਨੇ ਪਰ ਮੇਰਾ ਕੰਮ ਬਹੁਤ ਜਿੰਮੇਦਾਰੀ ਵਾਲਾ ਜਿਵੇਂ ਹਰੁ ਅਫਸਰ ਹੇਠਾਂ 20 ਬੰਦੇ ਕੰਮ ਕਰਦੇ ਮੇਰੇ ਹੇਠਾਂ ਵੀ 20 ਬੰਦੇ ਕੰਮ ਕਰ ਰਹੇ ਹਨ। ਕਿਉਂਕਿ **sir** ਮੈਂ ਵੇਟਰ ਹਾਂ। ਏਨਾ 20 ਬੰਦਿਆ ਦਾ ਮੇਨ **head** ਹਾਂ **thank you sir**

ਹੁਣ ਉਸ ਜੈਂਟਲਮੈਨ ਨੂੰ ਐਵੇਂ ਲੱਗ ਰਿਹਾ ਸੀ ਜਿੰਨੇ ਵੀ ਇਥੇ ਰਿਸਤੇਦਾਰ ਆਏ ਸਭ ਅਨਪੜ ਸੀ ਜਿਨ੍ਹਾਂ ਹੱਥਾਂ ਚ  **pen** ਚਾਹੀਦੇ ਓਨਾ ਹੱਥਾਂ ਚ ਪਲੇਟ ਆ.

ਮੈਂ ਸਭ ਆਪਣੀ ਅੱਖੀਂ ਵੇਖ ਰਿਹਾ ਸੀ ਮੈਂ ਜਾ ਅੰਕਲ ਨੂੰ ਕਿਹਾ *ਅੰਕਲ ਉਸਦੀ ਪੜ੍ਹਾਈ ਨਾਲ ਉਸਦੀ ਸੋਚ ਵੀ  ਬਹੁਤ ਉੱਚੀ ਵੇਟਰ ਲਫਜ ਛੋਟਾ ਜਰੂਰ ਸਾਡੀਆਂ ਨਜ਼ਰਾਂ ਚ !! ਪਰ ਹੈ ਤਾਂ ਕੰਮ। ਅਸੀਂ ਆਪਣੇ ਬੱਚਿਆਂ  ਨੂੰ ਬਾਹਰ ਭੇਜਦੇ  ਹਾਂ ਕੰਮ ਕਰਨ ਲਈ ਤੇ ਕਈ  ਉਧਰ ਮਜਬੂਰੀ ਨਾਲ ਭਾਂਡੇ ਮਾਂਜੇ ਤਾਂ ਵਧੀਆ **job** । ਏਥੇ ਮਾਂਜੇ ਤਾਂ ਵੇਟਰ

ਮੇਰੀ ਗੱਲ ਸੁਣ ਜੈਂਟਲਮੈਨ ਮੇਰੇ ਚਲਦਾ ਬਣਿਆ ਜਿਵੇ ਉਸਦਾ ਆਪਣਾ ਲੜਕਾ ਬਾਹਰ ਵੇਟਰ ਹੋਵੇ

***ਨਵਨੀਤ ਸਿੰਘ***



www.PunjabiLibrary.com




# ਮੇਰਾ ਨਾਮ ਪੰਜਾਬ

ਜਾ ਵੇਖੀਂ ਧੀਏ ਕੌਣ ਖਰਾ ਬਾਹਰ ਵੇਖ ਜਾ ਕਿ-----

Yes ਅੰਕਲ ਕੌਣ ਤੂੰ ਕਿਸਨੂੰ ਮਿਲਣਾ----- ਮੈਂ ਜੀ ਮੈਂ---ਕੀ ਮੈਂ ਮੈਂ ਲਾਈ ਆ

ਕਿਵੇਂ ਗੋਡੇ ਗੋਡੇ ਮੈਲ ਚੜੀ ਆ,ਹੱਡੀਆਂ ਦੀ ਮੁੱਠ ਵਾਂਗ ਬਣੇ ਹੋ। ਸਿਰ ਤੇ ਖਿੱਲਰੇ ਵਾਲ ਆ ਤੇ ਗੰਦੀ ਬੋ ਆ ਰਹੀ ਤੇਰੇ ਕੋਲੋ।

ਚੱਲ ਵੱਗਦਾ ਹੋ ਏਥੋਂ ਪਤਾ ਨਈਂ ਕਿਧਰੋਂ ਆ ਜਾਂਦੇ ਮੂੰਹ ਚੁੱਕ ਕਿ---- ਧੀਏ ਮੈਂ ਚਲ ਜਾਂਦਾ ਹਾਂ ਤੁਸੀਂ ਮੈਨੂੰ ਪਹਿਚਾਣਿਆ ਨਹੀਂ। ਨਵੀਂ ਪੀੜ੍ਹੀ ਨਾ ਇਸ ਲਈ ਤੁਹਾਡੀ ਉਮਰ 20 ਸਾਲ ਦੀ ਤੇ ਮੇਰੀ ਉਮਰ ਵਡੇਰੀ ਆ । ਮੇਰੇ ਇਸ ਘਰ ਚ ਬਹੁਤ ਪੀਰ ਪੈਗੰਬਰ,ਗੁਰੂ ਸਹਿਬਾਨ,ਮਹਾਨ ਯੋਧੇ,ਸੂਰਵੀਰ ਪੈਦਾ ਹੋਏ ,ਜਦੋਂ ਵੀ ਮੈਨੂੰ ਕੋਈ ਮਾਰਨ ਜਾਂ ਲੁੱਟਣ ਦੀ ਕੋਸਿਸ ਕਰਦਾ ਤਾਂ ਇਹੀ ਸੂਰਵੀਰ ਯੋਧੇ ਮੇਰੇ ਲਈ ਲੜਦੇ ਸਨ। ਮੇਰੇ ਤੋਂ ਪੂਰਾ ਸੰਸਾਰ ਚੱਲਦਾ ਸੀ। ਬੇਟਾ ਤੁਸੀਂ ਮੈਨੂੰ ਭਿਖਾਰੀ ਬਣਾ ਦਿੱਤਾ । ਮੈਂ ਕਦੇ ਅੰਨਦਾਤਾ ਹੁੰਦਾ ਸੀ, ਸੋਨੇ ਦੀ ਚਿੜੀ ਦਾ ਖਿਤਾਬ ਮੇਰੇ ਕੋਲ ਸੀ। ਬਾਬੇ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੇ ਉਸਤੋਂ ਬਾਅਦ ਜਿੰਨੇ ਵੀ ਸੂਰਵੀਰ ਹੋਏ

ਸਭ ਮੇਰੇ ਕੋਲ ਖੇਡ ਕਿ ਇਤਿਹਾਸ ਰਚਦੇ,ਮੇਰੇ ਸਰੀਰ ਵਿਚੋਂ ਜੋ ਬੋ ਆ ਰਹੀ ਨਾ । ਕਦੇ ਇਹ ਖੁਸ਼ਬੂ ਹੁੰਦੀ ਸੀ। ਮੈਨੂੰ ਸਮੇ ਦੀਆਂ ਸਰਕਾਰਾਂ,ਇਥੇ ਜਗਾ ਜਗਾ ਲੱਗੀਆਂ ਫੈਕਟਰੀਆਂ ਪਲਾਂਟ ਕਰਕੇ । ਮੈਨੂੰ ਮੈਲਾ ਕਰ ਦਿੱਤਾ। ਇਸ ਲਈ ਗੰਦੀ ਬੋ ਆ ਰਹੀ। ਮੈਂ ਹੱਡੀਆਂ ਦੀ ਮੁੱਠ ਨਹੀਂ ਸੀ ਮੈਂ ਬਹੁਤ ਬਲਵਾਨ ਸੀ ਪਰ ਇਥੇ ਸ਼ਰਾਬ, ਅਫੀਮ,ਚਿੱਟਾ ਹੋਰ ਕਈ ਨਸ਼ੇ ਮੈਨੂੰ ਲੱਗਾ ਦਿੱਤੇ ਤੇ ਮੈਂ ਕਮਜ਼ੋਰ ਹੋ ਗਿਆ ਹੱਡੀਆਂ ਦੀ ਮੁੱਠ ਬਣ ਗਿਆ। ਮੇਰੇ ਜੋ ਸਿਰ ਦੇ ਵਾਲ ਖਿਲਰੇ ਪਏ ਨੇ ਇਹ ਸਾਬਤ ਕਰਦੇ ਨੇ ਅੱਜ ਇਥੇ ਕੋਈ ਵੀ ਇਕੱਠੇ ਨਹੀਂ ਰਹਿੰਦਾ ਸਭ ਉੱਜੜ ਗਏ ਪਰਿਵਾਰਾਂ ਨਾਲੋਂ ਰਿਸਤੇ ਨਲੋ ਸਭ ਇੱਕ ਦੂਜੇ ਨਲੋ ਟੁੱਟ ਗਏ।

ਧੀਏ ਇੱਕ ਗੱਲ ਹੋਰ ।ਜਿਵੇਂ ਮੈਨੂੰ ਸਭ ਨੇ ਵਿਸਾਰ ਦਿੱਤਾ ਤੁਸੀਂ ਆਪਣੀ ਮਾਂ ਨੂੰ ਵੀ ਵਿਸਾਰ ਦਿੱਤਾ ਏ । ਹੁਣ ਪੰਜਾਬੀ ਬੋਲਣ ਵੇਲੇ ਸਰਮ ਕਰਦੇ ਤੁਸੀਂ । ਤੇਰੀ ਉਮਰ ਦੀਆਂ ਧੀਆਂ ਅੱਜ ਸਟੇਜ ਤੇ ਨੱਚ ਸਰੀਰ ਦਿਖਾ ਕਿ ਪਰਿਵਾਰ ਪਾਲਦੀਆਂ ਨੇ , ਤੁਸੀਂ ਉਸਨੂੰ ਸਭਿਆਚਾਰ ਕਹੀ ਜਾਂਦੇ । ਇਹ ਬਰਬਾਦੀ ਨਹੀਂ ਤਾਂ ਕੀ ਏ।

*ਦਾਦਾ ਜੀ ਬਾਹਰ ਆਉਣਾ ਦੇਖਣਾ ਆਹ ਪਾਗਲ ਜੇਹਾ ਕੀ ਬੋਲੀ ਜਾਂਦਾ

*ਮੈਂ ਆਪਣੀਆਂ ਐਨਕਾਂ ਸਾਫ ਕਰਕੇ ਅੱਖਾਂ ਤੇ ਲਗਾਈ ਤੇ ਬਾਹਰ ਤੱਕਿਆ ਤੇ ਅੱਖੋਂ ਓਹਲੇ ਕਰ ਦਿੱਤਾ। ਜਾ ਭਾਈ ਅਗਲੇ ਘਰੇ

ਉਹ ਲਾਚਾਰ ਬੇਜੁਬਾਨ ਮੈਲਾ ਦੁਖੀ ਹੱਡੀਆਂ ਦੀ ਮੁੱਠ ਲਾਵਾਰਿਸ ਦਰ ਦਰ ਭਟਕਣ ਨੂੰ ਤਰਲੇ ਲੈ ਰਿਹਾ ਸੀ । ਕੋਈ ਵੀ ਉਸਨੂੰ ਸੰਭਾਲ ਨਹੀਂ ਰਿਹਾ।

ਅਖੀਰ ਮੈਂ ਪੁੱਛ ਹੀ ਲਿਆ ਬਜ਼ੁਰਗੋ ਕੌਣ ਤੁਸੀਂ ਕੀ ਨਾਮ ਤੁਹਾਡਾ

ਬਜ਼ੁਰਗ ਨੇ ਰੋਂਦੇ ਹੋਏ ਜਵਾਬ ਦਿੱਤਾ

**ਮੇਰਾ ਨਾਮ ਪੰਜਾਬ ਹੈ**

ਓਨਾ ਨੇ ਮੈਨੂੰ ਪਛਾਣਿਆ ਨਹੀਂ ਇਸ ਲਈ ਮੈਂ ਲਵਾਰਿਸ

ਪੰਜਾਬ ਹਾਂ  ਬੂਹੇ ਖੜੀ 20 ਸਾਲ ਦੀ ਲੜਕੀ ਸੋਚਦੀ ਰਹੀ ਇਹ ਓਹੀ ਪੰਜਾਬ ਆ ਜਿਸਦੀ ਹਿਸਟਰੀ ਮੈਂ ਕਿਤਾਬਾਂ ਚ ਪੜ  ਰਹੀ ਹਾਂ ਪਰ ਘਰ ਆਏ ਨੂੰ ਨਹੀਂ ਪਛਾਣ ਸਕੀ----😕

1ਨਵੰਬਰ ਪੰਜਾਬ ਦਿਵਸ ਤੇ ਵਿਸ਼ੇਸ-                *** ਨਵਨੀਤ ਸਿੰਘ ***




# ਚਾਹ ਦਾ ਬਿੱਲ

ਕਿਸੇ ਸਰਕਾਰੀ ਦਫਤਰ ਦੇ ਗੇੜੇ ਗਰੀਬ ਬੰਦਾ ਲਗਾਉਂਦਾ ਥੱਕ ਜਾਂਦਾ।

ਕੰਮ ਭਾਵੇਂ 1 ਮਿੰਟ ਦਾ ਹੋਵੇ ਗੇੜੇ ਜਰੂਰ

ਮਾਰਨੇ ਪੈਂਦੇ 10 ,12 । ਮੈਂ ਵੀ ਗਿਆ ਸੀ ਕਿਸੇ ਸਰਕਾਰੀ ਦਫਤਰ ਅੰਦਰ ਕੰਮ । ਇੱਕ ਘੁੱਗੀ ਮਰਵਾਉਣੀ ਸੀ ਮਤਲਬ ਸਰਕਾਰੀ ਅਫਸਰ ਦੇ ਸਾਈਨ ਕਰਵਾਉਂਣੇ ਸੀ । ਮੇਰੇ ਅੱਗੇ 5 ਕੁ ਬਜ਼ੁਰਗ ਖੜ੍ਹੇ ਸਨ । ਉਹ ਇੱਕ ਫਾਇਲ ਦਿੰਦੇ ਅਫਸਰ ਪਹਿਲਾਂ ਹੀ ਪੇਜ ਪਲਟਦਾ ਘੁੱਗੀ ਮਾਰ ਕੇ ਤੋਰ ਦਿੰਦਾ। ਮੇਰੀ ਵਾਰੀ ਆਈ । ਮੈਂ ਫਾਇਲ ਦਿੱਤੀ ਅਫਸਰ ਨੇ ਪੇਜ ਪਲਟਿਆ ਪਰ ਘੁਗੀ ਨਹੀਂ ਮਾਰੀ । ਅਫਸਰ ਕਹਿੰਦਾ!  ਕਾਕਾ ਫਲਾਣਾ ਕਾਗਜ ਨਹੀਂ ਨਾਲ ਲੱਗਾ । ਮੈਂ ਕਿਹਾ ਜਨਾਬ BC ਵਰਗ ਦਾ ਹਾਂ। ਇਸ ਲਈ ਜਰੂਰਤ ਨਹੀਂ ਪਈ। ਉਸ ਅਫਸਰ ਨੇ ਮੇਰੇ ਬਹੁਤ ਵਾਰ ਕਹਿਣ ਤੇ ਵੀ ਸਾਈਨ ਨਹੀਂ ਕੀਤੇ। ਮੈਂ ਫਿਰ ਬੋਲ ਹੀ ਦਿੱਤਾ !! ਜਨਾਬ ਚਾਹ ਪਾਣੀ ਕਰ ਦਵਾਂਗੇ ਕਰੋ ਕ੍ਰਿਪਾ ਜੀ। ਕਾਕਾ ਅਸੀਂ ਰਿਸ਼ਵਤ ਨਹੀਂ ਲੈਂਦੇ ਅਫਸਰ ਥੋੜਾ ਖੁਸ ਹੋ ਗਿਆ । ਸਾਈਨ ਕਰਕੇ ਮੇਰੇ ਹੱਥ ਚ ਫਾਇਲ ਫੜਾਉਣ ਲੱਗਾ। ਮੈਂ ਕਿਹਾ ਜਨਾਬ ਕਿੰਨੀ ਸੇਵਾ। ਕਾਕਾ ਅਸੀਂ ਸੇਵਾ ਨਹੀਂ ਲੈਂਦੇ ਓ ਸਾਹਮਣੇ ਚਾਹ ਵਾਲਾ ਉਸਦਾ ਬਿੱਲ ਦੇਣ ਵਾਲਾ ਪਿਆ ਉਹ ਦੇ ਆ। ਮੈਂ ਖੁਸ਼ੀ ਖੁਸ਼ੀ ਗਿਆ ਕਿ ਕਿਹੜੀ ਵੱਡੀ ਗੱਲ ਆ ਸਵੇਰਾ ਸਵੇਰਾ ਹੈ 20  ਨਹੀਂ ਤਾਂ 50 ਰੁਪਏ ਬਣੇ ਹੋਣਗੇ ਚਾਹ ਦੇ। ਜਦ ਚਾਹ ਵਾਲੇ ਨੂੰ ਬਿੱਲ ਪੁੱਛਿਆ ਤਾਂ ਉਸਨੇ ਮਹੀਨੇ ਦਾ ਖਾਤਾ ਕੱਢ ਅੱਗੇ ਰੱਖਿਆ ਜਿਸਦਾ ਬਿੱਲ 1100 ਰੁਪਏ ਬਣਦਾ ਸੀ। ਮੈ ਕਦੇ ਚਾਹ ਦਾ ਬਿੱਲ ਵੇਖਦਾ ਤੇ ਕਦੇ ਉਸ ਅਫਸਰ ਵੱਲ ਜਿਸਨੇ ਰਿਸ਼ਵਤ ਨਹੀਂ ਲਈ ਪਰ ਚਾਹ ਦਾ ਬਿੱਲ ਮੇਰੇ ਕੋਲੋ ਲੈ ਲਿਆ ਸੀ।😊😊😊 *** ਨਵਨੀਤ ਸਿੰਘ ***



**ਕੰਜਕਾਂ**

ਅੱਜ ਨਵਰਤਰਿਆਂ ਦਾ ਅਖੀਰਲਾ ਦਿਨ ਹੋਣ ਕਾਰਣ ਜੋਤਾਂ ਜਗਾਈਆਂ ਸੀ ਘਰ ਚ, ਮੇਰੀ ਘਰ ਵਾਲੀਂ ਆਖਣ ਲੱਗੀ ਅਸੀਂ ਕੰਜਕਾਂ ਦੇਣੀਆਂ,ਹੁਣ ਆਪਣੇ ਘਰ ਤਾਂ ਦੇਵੀ ਮਾਤਾ ਦੀ ਕਿਰਪਾ ਨਾਲ 3 ਲੜਕੇ ਪੈਦਾ ਹੋਏ, ਜਾਓ ਜਾਓ ਗੁਆਂਢ ਚ ਹੋਣੀਆਂ ਧੀਆਂ ਲਿਆਓ ਅਵਾਜ ਮਾਰ ਕਿ, ਮੈਂ ਚੁੱਪ ਕੀਤਾ ਚੱਲ ਗਿਆ ਗੁਆਂਢ, ਇੱਕ ਘਰ ਦੂਜਾ ਘਰ ਤੀਜਾ ਘਰ ਇਸ ਤਰਾਂ 6 ,7,8,10 ਘਰ ਫਿਰੇ ਕਿਧਰੇ ਕੋਈ ਕੰਜਕ ਨਜਰ ਨ੍ਹੀ ਆਈ, ਫਿਰ ਮੈਨੂੰ ਕਿਸੇ ਨੇ ਕਿਹਾ ਰੁਲਦੂ ਦੇ ਘਰ ਜਾ ,,, ਮੈਂ ਰੁਲਦੂ ਦੇ ਘਰ ਗਿਆ ਅਵਾਜ ਮਾਰੀ,,,, ਓ ਰੁਲਦਾ ਸਿਆਂ ਘਰੇ ਓ,

ਆਓ ਜੀ ਜੀ ਆਇਆਂ ਨੂੰ ਲਾਲਾ ਜੀ ,ਅੱਜ ਕਿਦਾਂ ਅਉਣੇ ਹੋਏ, ਰੁਲਦਾ ਸਿਆਂ ਆਪਣੀਆਂ ਗੁੱਡੀਆਂ ਨਜਰ ਨਹੀਂ ਆਉਂਦੀਆਂ ਕਿਥੇ ਗਈਆਂ, ਓ ਜੀ ਅੱਜ ਕੰਜਕਾਂ ਸੀ ਨਾ ਇਸ ਲਈ ਸਵੇਰ ਦਾ ਕੋਈ ਨਾ ਕੋਈ ਮੇਰੀਆਂ ਧੀਆਂ ਨੂੰ ਆਪਣੇ ਘਰੋਂ ਘਰੀਂ ਲਿਜਾ ਰਿਹਾ ਤੇ ਮੈਂ ਵੀ ਮਨਾ ਨਹੀਂ ਕੀਤਾ ਕਿਸੇ ਨੂੰ,,, ਆਖਰ ਧੀ ਤਾਂ ਸਭ ਦੀ ਸਾਂਝੀ ਹੁੰਦੀ,

ਅੱਛਾ ਰੁਲਦਾ ਸਿਆਂ ਤੇਰੀ ਘਰ ਵਾਲੀ ਨੇ ਕੰਜਕਾਂ ਦੀ ਪੂਜਾ ਕਰ ਲਈ,,, ਰੁਲਦਾ ਇੱਕ ਦਮ ਬੋਲਿਆ, ਲਾਲਾ ਜੀ ਮੇਰਾ ਤਾਂ ਵੇਅਹ ਹੀ ਨਹੀਂ ਹੋਇਆ,ਫਿਰ ਘਰ ਵਾਲੀਂ ਕਿਥੋਂ ਅਉਣੀ,

ਮੈਂ ਕਿਹਾ, ਰੁਲਦਾ ਸਿਹਾਂ ਜੇ ਵੇਅਹ ਨਹੀਂ ਹੋਇਆ ਤਾਂ ਆਹ ਏਨੀਆਂ ਧੀਆਂ ਕਿਥੋਂ ਆਈਆਂ, ਜੋ ਤੇਰੇ ਘਰ ਨੇ, ਰੁਲਦੇ ਦਾ ਜਵਾਬ ਸੁਣ ਮੈਂ ਹੈਰਾਨ ਰਹਿ ਗਿਆ

ਲਾਲਾ ਜੀ ਇਹ ਸਭ ਉਹ ਧੀਆਂ ਨੇ ਜੋ ਮੈਨੂੰ ਕੋਈ ਸੜਕ ਕਿਨਾਰੇ, ਕੋਈ ਮੰਦਰ,ਕੋਈ ਗੁਰਦਆਰੇ ਤੇ ਕੋਈ ਕੂੜੇ ਦੇ ਢੇਰ ਤੇ ਮਿਲੀ, ਇਹਨਾਂ ਨੂੰ ਕੁੱਤੇ ਨਾ ਨੋਚ ਖਾਣ ਇਸ ਲਈ ਘਰ ਲੈ ਆਇਆ ਸੀ, ਬਸ ਇਹ ਸਭ ਮੇਰੀਆਂ ਧੀਆਂ ਨੇ, ਤੇ ਓਹ ਜੋ ਵੱਡੀ ਤੁਰੀ ਆਉਂਦੀ ਇਹ ਮੈਨੂੰ ਤਲਾਬ ਵਾਲੇ ਮੰਦਰ ਪਿੱਛੋਂ ਮਿਲੀ ਸੀ,

ਜਦ ਰੁਲਦੇ ਦੀ ਏਨੀ ਗਲ ਸੁਣੀ ਤਾਂ ਮੇਰੇ ਪੈਰਾਂ ਹੇਠਾਂ ਜਮੀਨ ਖਿਸਕ ਗਈ। ਮੈਂ ਦੱਬੇ ਪੈਰੀਂ ਘਰ ਵਾਪਸ ਆ ਗਿਆ, ਘਰ ਆਕੇ ਸਾਰੀ ਗੱਲ ਘਰਵਾਲੀ ਨੂੰ ਦਸੀ , ਅਸੀਂ ਦੋਵੇਂ ਭੁਬਾਂ ਮਾਰ ਰੋਏ ਅੱਜ ਤੋਂ 5 ਸਾਲ ਪਹਿਲਾਂ ਜੋ ਸਾਡੇ ਘਰ ਲੜਕੀ ਪੈਦਾ ਹੋਈ ਸੀ ਤਾਂ ਅਸੀਂ ਓਹ ਲਿਫਾਫੇ ਚ ਬੰਨ ਕੇ ਮੰਦਰ ਦੇ ਪਿਛੇ ਸੁੱਟ ਆਏ ਸੀ , ਹੁਣ ਜੋ ਸਭ ਤੋਂ ਵੱਡੀ ਧੀ ਰੁਲਦੇ ਕੋਲ ਸੀ ਉਹ ਕੋਈ ਹੋਰ ਨਹੀਂ ਸਾਡੀ ਆਪਣੀ ਧੀ ਸੀ,

ਸਾਡੇ ਕੋਲ ਪਛਤਾਵੇ ਤੋਂ ਇਲਾਵਾ ਕੁੱਝ ਨਹੀਂ , ਮੈਨੂੰ ਓਸੇ ਵੇਲੇ ਇਹ ਜੋਤਾਂ ਪੂਜਾ ਸਭ ਬੇਕਾਰ ਲੱਗੀ ਕਿਉਂ ਕਿ ਆਪਣੀ ਦੇਵੀ ਵਰਗੀ ਧੀ ਸੁੱਟ ਹੋਰ ਦੇਵੀ ਨੂੰ ਪੂਜਣਾ ਮੇਰੇ ਲਈ ਲਾਹਣਤ ਸੀ ਹੋਰ ਕੁੱਝ ਨਹੀਂ।

ਕਿਸੇ ਨੇ ਸੱਚ ਕਿਹਾ ਰੱਬ ਧੀ ਵੀ ਓਸ ਘਰ ਦਿੰਦਾ ਜਿਨ੍ਹਾਂ ਦੀ ਔਕਾਤ ਧੀ ਪਾਲਣ ਦੀ ਹੋਵੇ🙇. ✍ਨਵਨੀਤ ਸਿੰਘ ✍




# ਆਟੇ ਨਾਲੋਂ ਜਰੂਰੀ ਪੜ੍ਹਾਈ

ਪੱਗ ਦਾ ਅਜੇ ਪਹਿਲਾ ਲੜ ਸਿਰ ਤੇ ਹੀ ਰੱਖਿਆ ਸੀ ਤਾਂ ਮੇਰੀ ਬੇਬੇ ਕਹਿੰਦੀ ਬਾਪੂ ਤੇਰੇ ਨੇ ਚੱਕੀ ਤੋਂ ਆਟਾ ਉਧਾਰ ਲਿਆਂਦਾ 500 ਰੁਪਏ ਦਾ । ਕਣਕ ਖਤਮ ਹੋਈ ਘਰੋਂ ਪੈਸੇ ਦੇ ਦਵੀਂ । ਮਾਤਾ ਮੇਰੇ ਕੋਲ ਸਿਰਫ 500 ਰੁਪਈਆ ਹੈ ਹੋਰ 1 ਰੁਪਈਆ ਵੀ ਨਹੀ ਇਹ ਵੀ ਅਉਣੇ ਜਾਣੈ ਨੂੰ ਰੱਖਿਆ ,ਅਜੇ ਰੁਕੋ ਹਫਤਾ ਕੁ ਦੇ ਦੇਵਗਾ। ਇੰਨੇ ਨੂੰ ਘਰ ਦੇ ਬਾਹਰੋਂ ਕਿਸੇ ਨੇ ਅਵਾਜ ਲਗਾਈ----

ਪੁੱਤ ਘਰੇ ਆ----ਮੈਂ ਜਲਦੀ ਨਾਲ ਬਾਹਰ ਆਇਆ ਤੇ ਕੇਹਾ ਆਓ ਜੀ ਅੰਟੀ ਜੀ ਸਤਿ ਸ੍ਰੀ ਅਕਾਲ----ਪੁੱਤ ਮੈਂ ਫਲਾਣੀ ਦੀ ਮੰਮੀ ਹਾਂ ,ਰੋਜ਼ਾਨਾ ਮੇਰੀ ਧੀ ਨੂੰ ਸਕੂਲੋਂ ਕੱਢ ਦਿੰਦੇ ਮਾਸਟਰ ,ਬੇਜਤੀ ਬਹੁਤ ਕਰਦੇ ਅੱਜ ਸਕੂਲ ਨਹੀਂ ਜਾ ਰਹੀ ਲੜਕੀ , 2000 ਰੁਪਏ ਫ਼ੀਸ ਬਣਦੀ ਦੇਣ ਵਾਲੀ 12ਵੀਂ ਜਮਾਤ ਆ---

-ਆਹ ਲੈ ਮੇਰਾ ਪੁੱਤ 1500 ਰੁਪਏ ਹੋਰ ਮੇਰੇ ਕੋਲ ਹੈ ਨਹੀਂ । ਮੇਰਾ ਪੁੱਤ ਮਾਸਟਰਾਂ ਨੂੰ ਬੋਲਦੇ ਕੁੜੀ ਨੂੰ ਕੁੱਝ ਆਖਣ ਨਾ ਜਵਾਨ ਧੀ ਆ ਸਰਮ ਕਰਦੀ ਆ !!! ਲੈ!!!!! ਕੋਈ ਨਾ ਮਾਤਾ ਜੀ ਜਾਓ ਤੁਸੀਂ ਮੈਂ ਕਰਦਾ ਮਾਸਟਰਾਂ ਨਾਲ ਗੱਲ!!! ਮੈਂ ਪੱਗ ਬੰਨ ਕਿ ਸਕੂਲ ਗਿਆ ਮਾਸਟਰ ਨੂੰ ਲੜਕੀ ਦੇ ਘਰ ਦੀ ਮਜਬੂਰੀ ਦਸੀ ਪਰ ਮਾਸਟਰ ਆਪਣੀ ਥਾਂ ਠੀਕ ਸੀ ਪਰਿਵਾਰ ਨੇ ਫ਼ੀਸ ਹੀ ਨਹੀਂ ਦਿੱਤੀ । ਮੇਰੀ ਮਾਸਟਰ ਨੇ 1 ਨਾ ਸੁਣੀ । ਮੇਰੀ ਜੇਬ੍ਹ ਚ" ਜੋ 500 ਰੁਪਏ ਸੀ ਮੈਂ ਉਹ ਵੀ ਦੇ ਦਿੱਤੇ ਇਸ ਤਰਾਂ ਲੜਕੀ ਦੀ ਫ਼ੀਸ ਦੇ ਕਿ ਘਰ ਆਇਆ ਤਾਂ ਬੇਬੇ ਮੇਰੀ ਸਮਝ ਗਈ ਤੇ ਕਹਿੰਦੀ ------ ਚਲ ਓ ਜਾਣ, ਲੜਕੀ ਦਾ ਸਾਲ ਬਚਜੂ, ਪੜਾਈ ਨਾ ਖਰਾਬ ਹੋਊ ਵਿਚਾਰੀ ਦੀ ।।। ਆਪਾਂ ਆਟਾ ਉਧਾਰ ਚੁਕਿਆ ਓਦੇ ਪੈਸੇ ਹੋਰ ਮਹੀਨੇ ਨੂੰ ਦੇ ਦਿਆਂਗੇ। ਓ ਕਿਹੜਾ ਕੀਤੇ ਦੌੜ ਚਲਿਆ। ਮੇਰੀ ਬੇਬੇ ਨੂੰ ਪਤਾ ਲੱਗ ਗਿਆ ਸੀ ਜੋ ਪੈਸੇ ਮੈਂ ਆਟਾ ਲਿਆਉਣ ਲਈ ਨਹੀਂ ਦਿੱਤੇ ਉਹ ਪੈਸੇ ਮੈਂ ਸਕੂਲ ਦੀ ਫੀਸ ਦੇ ਆਇਆ ਸੀ। ਮੈਨੂੰ ਐਵੇਂ ਲੱਗਾ ਜਿਵੇਂ ਮੇਰੀ ਬੇਬੇ ਨੂੰ ਆਟੇ ਨਾਲੋਂ ਉਸ ਲੜਕੀ ਦੀ ਪੜ੍ਹਾਈ ਜਰੂਰੀ ਲੱਗੀ।

***ਨਵਨੀਤ ਸਿੰਘ ***




# ਲਵਾਰਿਸ ਲਾਸ

ਮੇਰੀ ਡਿਊਟੀ ਮੁਰਦਾ ਘਰ ਚ ਹੁੰਦੀ ਏ। ਅੱਜ ਫਿਰ ਹਸਪਤਾਲ ਦੀ ਨੁੱਕਰ ਚ ਛੋਟੀ ਜਿਹੀ 7 ਕੁ ਸਾਲ ਦੀ ਇੱਕ ਬੱਚੀ ਤੇ ਧਿਆਨ ਪਿਆ । ਹੱਥ ਵਿੱਚ ਇੱਕ ਝੋਲਾ ਸੀ । ਮਾਸੂਮ ਏਨੀ ਸੀ ਵੇਖ ਕੇ ਦਿਲ ਹੀ ਪਿਘਲ ਜਾਂਦਾ। ਮੈਂ ਅਕਸਰ ਹਸਪਤਾਲਾਂ ਅੰਦਰ ਵੇਖਦਾ ਹਾਂ ਮਰੀਜ ਨਾਲ ਕੋਈ ਨਾ ਕੋਈ ਆਉਂਦਾ ਤੇ ਬਾਹਰ ਬੈਠ ਜਾਂਦਾ। ਪਰ ਇਹ ਬੱਚੀ ਬਹੁਤ ਦਿਨਾਂ ਤੋਂ ਏਥੇ ਹੀ ਬੈਠੀ ਸੀ ਸਵੇਰੇ ਵੀ ਰਾਤ ਵੀ ਕਦੇ ਫਿਰ ਤੁਰ ਆਉਂਦੀ। ਮੈਂ ਉਸਨੂੰ ਪੁੱਛਿਆ ਬੇਟਾ ਨਾਮ ਕੀ ਏ ਤੇਰਾ! ਤੂੰ ਏਥੇ ਬਹੁਤ ਦਿਨਾਂ ਤੋਂ ਬੈਠੀ ਏ ਖੇਡਦੀ ਰਹਿੰਦੀ ਏਧਰ ਓਧਰ ਕੌਣ ਏ ਤੈਨੂੰ ਕੋਈ ਲੈਣ ਨਹੀਂ ਆਇਆ ਜਾਂ ਕੋਈ ਦਾਖਲ ਹੈ ਹਸਪਤਾਲ ਚ!

ਬੱਚੀ ਬੋਲੀ !! ਅੰਕਲ ਜੀ ! ਮੇਰੀ ਮੰਮੀ ਇਥੇ ਆਈ ਸੀ ਉਹ ਠੀਕ ਨਹੀਂ ਸੀ ਡਾਕਟਰ ਉਸਨੂੰ ਅੰਦਰ ਲੈ ਕੇ ਗਏ ਸੀ ਤੇ ਮੈਨੂੰ ਮੰਮੀ ਕਹਿੰਦੇ ਸੀ ਇੱਥੇ ਹੀ ਉਡੀਕ ਕਰੀਂ ਏਧਰ ਓਧਰ ਨਾ ਤੁਰ ਜਾਵੀ ਕਿਸੇ ਨਾਲ। ਮੈਂ ਦੁਬਾਰਾ ਪੁੱਛਿਆ ਤੇਰੀ ਮੰਮੀ ਦਾ ਨਾਮ ਕੀ ਏ। ਕਿਹੜੇ ਵਾਰਡ ਚ ਪਤਾ ਕੁੱਝ । ਹਾਂ ਅੰਕਲ ਮੇਰੀ ਮੰਮੀ ਦਾ ਨਾਮ ਪੰਮੀ ਏ ਤੇ ਏਧਰ ਨੂੰ ਗਏ ਸੀ !! ਬੱਚੀ ਨੇ ਅਪਰੇਸ਼ਨ ਥੇਟਰ ਵੱਲ ਇਸ਼ਾਰਾ ਕਰਦਿਆਂ ਮੈਨੂੰ ਕਿਹਾ। ਅੰਕਲ ਜੇਕਰ ਮੇਰੀ ਮੰਮੀ ਮਿਲੇ ਤਾਂ ਉਸਨੂੰ ਕਹਿਣਾ ਮੈਂ ਇਥੇ ਹੀ ਬੈਠੀ ਉਡੀਕ ਰਹੀ ਹਾਂ !! ਕੀਤੇ ਨਹੀਂ ਗਈ। ਬੱਚੀ ਦੀ ਸਾਰੀ ਗੱਲ ਸੁਣਕੇ ਮੈਂ ਆਪਣੇ ਹੱਥਾਂ ਵਿੱਚ ਫੜੀ ਫਾਇਲ ਵੇਖੀ !!! ਮੈਂ ਫਿਰ ਪੁੱਛਿਆ ਬੇਟਾ ਤੇਰਾ ਨਾਮ ਕੀ ਏ ! ਕਹਿੰਦੀ ਅੰਕਲ ਮੇਰਾ ਨਾਮ ਸਿਮਰਨ ਏ !! ਮੇਰੇ ਹੱਥਾਂ ਵਿਚੋਂ ਫਾਇਲ ਡਿੱਗ ਗਈ ! ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ! ਮੇਰੀਆਂ ਅੱਖਾਂ ਚ ਹੰਝੂ ਆ ਗਏ ! ਮੈਂ ਟੁੱਟ ਗਿਆ ! ਸਮਝ ਨਹੀਂ ਆਈ ਬੱਚੀ ਨੂੰ ਕਿਵੇਂ ਸਮਝਾਵਾਂ ਪਿਛਲੇ 10 12 ਦਿਨਾਂ ਤੋਂ ਜਿਸਨੂੰ ਅਸੀਂ ਲਾਵਾਰਿਸ ਲਾਸ ਸਮਝ ਰਹੇ ਸੀ।

ਉਹ ਕੋਈ ਹੋਰ ਨਹੀਂ ਇਸ ਲੜਕੀ ਸਿਮਰਨ ਦੀ ਮਾਂ ਸੀ!!

***ਨਵਨੀਤ ਸਿੰਘ***




# 170 ਰੁਪਏ

ਰਤਨ ਸਿੰਘ ਦੇ ਘਰ ਦੋ ਸਰਕਾਰੀ ਮੁਲਾਜ਼ਮ ਆਏ ਸਨ ਕਿਸੇ ਮਹਿਕਮੇ ਦੇ, ਕੋਈਂ ਚੱਕਰ ਪੈ ਗਿਆ ਸੀ ਰੱਤੇ ਦਾ , ਉਸ ਸਮੇ ਸਮੂਹ ਪੰਚਾਇਤ ਵੀ ਬੈਠੀ ਸੀ । ਫੈਂਸਲਾ ਆਖਿਰ ਰਤਨ ਸਿੰਘ ਦੇ ਹੱਕ ਚ ਹੋਇਆ ਕਿਉਂ ਕਿ ਰਤਨ ਸਿੰਘ ਸੱਚਾ ਸੀ ਤੇ ਹੈ ਵੀ ਬਹੁਤ ਗਰੀਬ। ਜਦ ਇਹ ਦੋਵੇਂ ਮੁਲਾਜਮ ਆਪਣੀ ਸਰਕਾਰੀ ਗੱਡੀ ਚ ਬੈਠ ਚੱਲਣ ਲੱਗੇ ਤਾਂ ਇੱਕ ਨੇ ਅਵਾਜ ਮਾਰੀ ਸਰਪੰਚ ਨੂੰ ਅਤੇ ਹੋਲੀ ਨਾਲ ਕਿਹਾ !!

"" ਕੋਈਂ ਸੇਵਾ ਪਾਣੀ ਤੇ ਕਰਵਾ ਦਿਓ "" ਮੈਂ ਕਿਹਾ sir ਓਹ ਗਰੀਬ ਬੰਦਾ ਉਹ ਕਿਥੋਂ ਕਰੂ ਵੈਸੇ ਵੀ ਤੁਸੀਂ ਵਧੀਆ ਮੁਲਾਜਮ ਹੋ ਛੱਡੋ ਪਰੇ!!! ਮੁਲਾਜਮ ਫਿਰ ਕਹਿੰਦਾ ਚਲ ਥੋੜ੍ਹਾ ਬਹੁਤਾ ਕਰਦੋ ਯਾਰ "" ਰੱਤੇ ਨੇ ਆਪਣੀ ਚਾਦਰ ਵਿਚੋਂ ਪੈਸੇ ਕੱਢੇ ਤੇ ਡੋਲ ਹੀ ਗੋਲ ਜਿਹੇ ਕਰਕੇ ਮੁਲਾਜਮਾਂ ਨੂੰ ਫ਼ੜਾ ਦਿੱਤੇ। ਸਰਕਾਰੀ ਮੁਲਾਜਮ ਬਹੁਤ ਖ਼ੁਸ਼ ਹੋਏ !! ਮੈਂ ਰੱਤੇ ਨੂੰ ਕਿਹਾ ਅੰਕਲ ਰਹਿਣ ਦੇਣੇ ਸੀ ਪੈਸੇ ਕਿਉਂ ਦਿੱਤੇ ਐਵੇਂ ! 5-7 ਸੌ ਮੰਗਦਾ ਸੀ ਤੇ ਤੁਸੀਂ ਦੇ ਦਿੱਤੇ !!

ਰੱਤਾ ਕਹਿੰਦਾ "" ਜਵਾਨਾਂ ਮੇਰੇ ਕੋਲ ਸਿਰਫ 170 ਰੁਪਏ ਸੀ " ਓਹੀ ਗੋਲ ਕਰਕੇ ਫ਼ੜਾ ਦਿੱਤੇ " ਉਹ ਇਨੇ ਚ ਖ਼ੁਸ ਕੇ ਸ਼ਨ ਕੇ ਸ਼ਾਇਦ 5,ਸੱਤ100 ਹੋਣਾ ।ਰੱਤੇ ਦੀ ਗੱਲ ਸੁਣ ਮੈਨੂੰ ਅਹਿਸਾਸ ਹੋਇਆ ਜਿਸ ਮੁਲਾਜਮ ਨੂੰ ਆਪਣੀ 50 ਹਜਾਰ ਤਨਖਾਹ ਨਾਲ ਸੰਤੁਸ਼ਟੀ ਨਹੀਂ ਉਹ 170 ਰੁਪਏ ਨਾਲ ਕਿਵੇਂ ਖ਼ੁਸ ਹੋ ਗਿਆ!!,

***ਨਵਨੀਤ ਸਿੰਘ***

www.PunjabiLibrary.com




ਲੈ ਕੇ ਦਵਾਤ ,ਕਲਮ ਤੇ ਸਿਆਹੀ

ਲਿਖ ਦਿੱਤਾ ਫੱਟੀ ਤੇ ੳ ਅ ਮੈਂ

ਉਰਦੂ, ਫ਼ਾਰਸੀ, ਅੰਗਰੇਜ਼ੀ ਵੀ ਲਿਖੀ

ਰੰਗ ਪੰਜਾਬੀ ਨੂੰ ਚੜਾ ਦਿੱਤਾ ਗੂੜਾ ਮੈਂ



# ਆਲੂ ਬੁਖਾਰਾ ਤੇ ਭਦਰ ਪੁਰਸ਼

ਦਿਹਾੜੀ ਤੋਂ ਘਰ ਆਉਂਦਿਆਂ ਕੰਨੀ ਅਵਾਜ ਪਈ ! ਆਲੂ ਬੁਖਾਰਾ 80 ਰੁਪਏ ਕਿਲੋਂ! ਮੈਂ ਖ੍ਰੀਦ ਨਹੀਂ ਸਕਿਆ ਮਹਿੰਗੇ ਸੀ ਇਸ ਲਈ।

ਘਰ ਆਉਂਦਿਆਂ ਮੇਰੀ 8 ਸਾਲ ਦੀ ਧੀ ਮੇਰਾ ਇੰਤਜ਼ਾਰ ਕਰਕੇ ਅੱਧ ਮੋਈ ਸੁੱਤੀ ਸੀ। ਸਵੇਰੇ ਮੇਰੀ ਧੀ ਮੇਰੇ ਕੋਲ ਆਉਂਦਿਆਂ ਮੇਰੇ ਸਿਰ ਤੇ ਪਰਣਾ ਲਪੇਟਦੀ ਬੋਲੀ ,,, ਪਾਪਾ ਰਾਤੀ ਮੇਰੇ ਕੋਲ ਇੱਕ ਭਦਰ ਪੁਰਸ਼ ਆਇਆ ਮੈਨੂੰ ਸਾਰੀ ਰਾਤ ਸਾਉਂਣ ਨਹੀਂ ਦਿੱਤਾ ਕਦੇ ਕੋਈਂ ਚਾਕਲੇਟ,ਕਦੇ ਖਿਡੌਣੇ ਕਦੇ ਕੁੱਝ ਖਾਣ ਲਈ ਦਿੰਦਾ, ਮੈਂ ਬਹੁਤ ਖ਼ੁਸ਼ ਸੀ ਪਾਪਾ ,ਪਰ ਬੇਟੀ ਉਹ ਕੌਣ ਸੀ ,

ਪਤਾ ਨਹੀ ਪਾਪਾ ਉਸਨੇ ਮੈਨੂੰ ਖਾਣ ਲਈ ਵਧੀਆ ਫਰੂਟ ਵੀ ਦਿੱਤੇ ਸਨ ਜਿਸ ਵਿਚੋਂ ਸਭ ਤੋ ਮਿੱਠਾ ਅਲੂਬੁਖਾਰਾ ਸੀ ਬਹੁਤ ਬਹੁਤ ਸਵਾਦ ਸੀ ਮੈਂ ਸਾਰਾ ਖਾ ਲਿਆ। ਆਪਣੀ ਲਾਡੋ ਧੀ ਦੀ ਏਨੀ ਗੱਲ ਸੁਣ ਮੇਰੀਆਂ ਅੱਖਾਂ ਤੋਂ ਹੰਝੂ ਆ ਗਏ ਮੈਂ ਲਾਡੋ ਨੂੰ ਗਲ ਨਾਲ ਲਾਇਆ । ਮੇਰੀ ਉਦਾਸੀ ਤੂੰ ਖੁਸ਼ੀ ਚ ਬਦਲ ਦਿੱਤੀ ! ਮੈਂ ਸਮਝ ਗਿਆ ਸੀ ਰਾਤ ਵਾਲੀਂ ਗੱਲ ਮੇਰੀ ਲਾਡੋ ਨੇ ਸੁਣ ਲਈ ਸੀ ਆਲੂਬੁਖਾਰੇ ਦੇ ਰੇਟ ਵਾਲੀਂ ਤੇ ਕਮਲੀ ਮੈਨੂੰ ਖ਼ੁਸ ਰੱਖਣ ਲਈ ਝੂਠਾ ਹੀ ਸੁਪਨਾ ਸੁਣਾ ਗਈ। ਮੈਂ ਉਸਨੂੰ ਬਿਲਕੁਲ ਅਹਿਸਾਸ ਨਹੀਂ ਹੋਣ ਦਿੱਤਾ ਕੇ ਤੂੰ ਝੂਠ ਬੋਲ ਰਹੀ ਸਗੋਂ ਇਹ ਕਿਹਾ ਮੇਰੀ ਧੀ ਵਰਗੀ ਹਰੇਕ ਦੀ ਧੀ ਹੋਵੇ ਜੋ ਪਰਿਵਾਰ ਦੇ ਹਾਲਾਤ ਸਮਝ ਸਕੇ। ਏਨੀ ਗੱਲ ਸੁਣਕੇ ਮੇਰੀਆਂ ਬਾਹਾਂ ਚ ਆ ਕੇ ਧਾਹਾਂ ਮਾਰ ਰੋਣ ਲੱਗੀ ਪਾਪਾ ਉਹ ਭਦਰ ਪੁਰਸ਼ ਕੋਈਂ ਹੋਰ ਨਹੀਂ ਤੁਸੀਂ ਸੀ। 😒

***ਨਵਨੀਤ ਸਿੰਘ***




# ਰੱਬ ਕਿਥੇ ਹੈ ?

ਬੇਬੇ ਬੇਬੇ ਅੱਜ ਸਕੂਲ ਚ ਮਾਸਟਰਾਂ ਨੇ ਕੰਮ ਦਿੱਤਾ ਲਿਖਣ ਲਈ ਤੇ ਜਿਹੜਾ ਵਧੀਆ ਜਵਾਬ ਦੇਵੇਗਾ ਓਨੂੰ ਇਨਾਮ ਵੀ ਮਿਲੇਗਾ! ਬੇਬੇ ਇੱਕ ਸਵਾਲ ਦਾ ਉਤਰ ਵੀ ਲਿਖਣਾ ਰੱਬ ਕਿਥੇ ਹੈ!

ਲੈ ਪੁੱਤ ਇਹ ਤਾਂ ਸੌਖਾ ਲਿਖਦੇ ਰੱਬ ਕਣ ਕਣ ਵਿੱਚ ਹੈ ! ਚੰਗਾ ਬੇਬੇ !!

ਅਗਲੀ ਸਵੇਰ ਸਕੂਲ ਗਿਆ ਤਾਂ ਮਾਸਟਰ ਕਲਾਸ ਚ ਆਉਂਦਾ ਹੀ ਕਹਿੰਦਾ ਲਿਆਓ ਕਾਪੀਆਂ ਤੇ ਆਪਣਾ ਉੱਤਰ ਵਿਖਾਓ! ਸਭ ਬੱਚਿਆਂ ਨੇ ਬਹੁਤ ਸੋਹਣੇ ਤਰੀਕੇ ਨਾਲ ਉੱਤਰ ਲਿਖੇ ਸੀ ਮਾਸਟਰ ਕਾਪੀਆਂ ਚੈੱਕ ਕਰਦਾ ਕਰਦਾ ਹੱਸੀ ਜਾਵੇ ਤਾਂ ਮੈਨੂੰ ਉਸਦੇ ਪ੍ਰਭਾਵ ਤੋਂ ਲੱਗਾ ਕੇ ਬਾਕੀਆਂ ਬਚਿਆ ਨੇ ਵੀ ਸੋਹਣਾ ਜਵਾਬ ਲਿਖਿਆ ਹੋਵੇਗਾ! ਮੈਂ ਆਪਣੀ ਢਿੱਲੀ ਜੇਹੀ ਨਿੱਕਰ ਤੇ ਪੈਰ ਚ ਪਾਈ ਟੁੱਟੀ ਚੱਪਲ ਨਾਲ ਅੱਗੇ ਵਧਿਆ ਮਾਸਟਰ ਵੱਲ !! ਮਾਸਟਰ ਨੇ ਕਿਹਾ ਲਿਆ ਕਾਪੀ ਏਧਰ ਵੇਖਾਂ ਤੂੰ ਕੀ ਲਿਖਿਆ ਮੈਂ ਡਰਦੇ ਡਰਦੇ ਕਾਪੀ ਫੜ਼ਾ ਦਿੱਤੀ ! ਅਜੇ ਕਾਪੀ ਖੋਲੀ ਸੀ ਤਾਂ ਮੇਰਾ ਜਵਾਬ ਸੀ----😥

ਮੈਨੂੰ ਨਹੀਂ ਪਤਾ **ਰੱਬ ਕਿਥੇ ਹੈ**

ਮੈਂ ਛੋਟਾ ਸੀ ਤਾਂ ਬੇਬੇ ਨੇ ਆਪ ਗਿੱਲੇ ਬਿਸਤਰੇ ਪੈਣਾ ਮੈਨੂੰ ਸੁਕੇ ਪਾਉਣਾ

ਗਰਮੀ ਚ ਮੋਢੇ ਚੁੱਕ ਆਪਣੀ ਚੁੰਨੀ ਨਾਲ ਛਾਂ ਕਰਨੀ ਆਪ ਧੁੱਪੇ ਸੜਨਾ। ਰਾਤ ਸੁੱਤੇ ਪਏ ਨੂੰ ਠੰਡ ਲੱਗਣੀ ਤਾਂ ਬੇਬੇ ਨੇ ਘੁੱਟ ਕਿ ਗਲ ਨਾਲ ਲਾ ਲੈਣਾ ਤੇ ਨਿੱਘ ਚੜ ਜਾਣਾ! ਮੇਰੀ ਬੇਬੇ ਸਵੇਰੇ 4 ਵਜੇ ਉਠਕੇ ਲੋਕਾਂ ਦੇ ਘਰਾਂ ਚ ਕੰਮ ਕਰਕੇ ਮੈਨੂੰ ਪੜਾ ਰਹੀ ਏ! ਆਪ ਭਾਂਵੇਂ ਅਨਪੜ੍ਹ ਏ !! ਆਪ ਭੁੱਖੇ ਢਿੱਡ ਸੌਂ ਕਿ ਮੈਨੂੰ ਰੋਟੀ ਖਵਾ ਦਿੰਦੀ !! ਝੂਠ ਬੋਲ ਦਿੰਦੀ ਮੈਂ ਖਾ ਲਈ ਏ!! ਮੈਂ ਬਹੁਤ ਵਾਰ ਵੇਖਿਆ !!

ਮੇਰੇ ਪੈਰੀਂ ਟੁੱਟੀ ਚੱਪਲ ਵੀ ਜੋ ਹੈ ਮੇਰੀ ਬੇਬੇ ਦੀ ਏ !! ਫਿਰ ਹੋਰ ਕਿਤੇ ਰੱਬ ਤਾਂ ਦਿਖਿਆ ਨਹੀਂ ਮੈਨੂ ਮੇਰੇ ਲਈ ਮੇਰੀ ਮਾਂ ਹੀ ਰੱਬ ਹੈਤੇ ਉਹ ਮੇਰੇ ਘਰ ਹੈ

ਮੇਰਾ ਉੱਤਰ ਪੜ ਮਾਸਟਰ ਨੇ ਮੇਰੀ ਕਾਪੀ ਤੇ ਲਿਖ ਦਿਤਾ ਮੇਰਾ ਭੁਲੇਖਾ ਸੀ ਰੱਬ ਧਾਰਮਿਕ ਸਥਾਨਾਂ ਚ ਰਹਿੰਦਾ ਅੱਜ ਉਹ ਵੀ ਨਿਕਲ ਗਿਆ

** ਨਵਨੀਤ ਸਿੰਘ**


www.PunjabiLibrary.com




# ਜਿੰਮੀਦਾਰ

ਸਵੇਰੇ ਤੜਕੇ 4: ਵਜੇ ਸਬਜ਼ੀ ਮੰਡੀ ਗਏ ਅਸੀਂ ਸਬਜ਼ੀ ਲੈਣ ਲਈ। ਸਰਦੀ ਚ, ਠਰੂੰ ਠਰੂੰ ਕਰਦੇ ਨੇ ਇੱਕ ਸਬਜ਼ੀ ਦੀ ਦੁਕਾਨ ਤੋਂ ਗੋਭੀ ਦਾ ਰੇਟ ਪੁੱਛਿਆ ਤਾਂ ਰੇਟ ਦੱਸਿਆ 12 ਰੁਪਏ ਕਿੱਲੋ ! ਮੇਰੇ ਦੋਸਤ ਨੇ ਕਿਹਾ 70 ਕਿਲੋ ਤੋਲਦੇ! ਅਜੇ ਗੋਭੀ ਪਾਉਣ ਹੀ ਲੱਗਾ ਸੀ!ਸੰਘਣੀ ਧੂੜ ਵਿਚੋਂ ਸੜਕ ਕਿਨਾਰੇ ਇੱਕ ਸਾਇਕਲ ਨਜਰ ਆਇਆ !! ਸਾਇਕਲ ਕੋਲ, ਪੈਰੀਂ ਗਰਗਾਬੀ ਜੁੱਤੀ ਸਿਰ ਤੇ ਪਰਨਾ ਤੇ ਗਲ ਸਵੈਟਰ ਤੇ ਲੋਈ ਦੀ ਬੁੱਕਲ ਮਾਰੀ ਬੈਠਾ 65 ਕੁ ਸਾਲ ਦਾ ਬਜ਼ੁਰਗ ਵੇਖਿਆ। ਮੈਂ ਉਸਨੂੰ ਪੁਛਿਆ ਬਜ਼ੁਰਗੋ ਗੋਭੀ ਕੀ ਰੇਟ!ਅੱਗੋਂ ਬੋਲਿਆ ਜੋ ਮਰਜੀ ਪੈਸੇ ਦੇ ਦਵੀਂ ! ਨਹੀਂ ਬਾਪੂ ਜੀ ਫਿਰ ਵੀ ਰੇਟ ਦਸੋ !!! 70 ਕਿਲੋ ਚਾਹੀਦੀ। ਇੱਕ ਦਮ ਬੋਲਿਆ 5 ਰੁਪਏ ਕਿਲੋਂ ਪਾ ਲੈ। ਮੈਂ ਹੈਰਾਨ ਸੀ ਸਾਹਮਣੇ ਵਾਲਾ 12 ਰੁਪਏ ਕਿਲੋਂ ਦੇ ਰਿਹਾ।ਮੈਂ ਆਪਣੇ ਦੋਸਤ ਨੂੰ ਇਸ਼ਾਰਾ ਕਰ ਏਧਰ ਹੀ ਬੁਲਾ ਲਿਆ !!!

ਆਹ ਅੰਕਲ ਕੋਲ ਗੋਭੀ ਵਧੀਆ ਇਹੋ ਲੈ ,ਰੇਟ ਵੀ ਠੀਕ ਆ! 70 ਕਿਲੋਂ ਦੀ ਜਗਾ ਅਸੀਂ ਕੁਵਾਂਟਿਲ ਗੋਭੀ ਲਈ ! ਅਸੀਂ ਕਿਹਾ ਬਾਪੂ ਤੁਸੀਂ ਏਨੀ ਸਸਤੀ ਗੋਭੀ ਕਿਉਂ ਦਿੱਤੀ , ਕਾਕਾ ਜੀ ਜਿਸ ਦੁਕਾਨ ਤੋਂ ਤੁਸੀਂ ਪਹਿਲਾਂ ਰੇਟ ਪੁੱਛਿਆ ਉਹ ਸੀ ਸਾਹੂਕਾਰ ਵਪਾਰੀ! ਉਸਨੇ ਮੇਰੇ ਕੋਲੋ 5 ਰੁਪਏ ਲੈ ਕੇ 12 ਰੁ ਵੇਚੀ ! ਮੇਰੀ ਫ਼ਸਲ ਦਾ ਮੁੱਲ ਮੰਡੀ ਪਵੇ ਮੈਂ ਵੀ 12 ਰੁਪਏ ਕਿਲੋ ਵੇਚਾਂ!

ਪਰ ਕੀ ਕਰਾਂ ਮੈਂ ਜਿੰਮੀਦਾਰ ਹਾਂ!

ਬਜ਼ੁਰਗ ਨੇ ਭਾਵੇਂ ਰੇਟ 5 ਰੁਪਏ ਲਾਇਆ ਸੀ ਅਸੀਂ ਆਪਣੀ ਖੁਸ਼ੀ ਨਾਲ ਬਾਪੂ ਨੂੰ ਬਿਨਾ ਦਸੇ 10 ਰੁ ਦੇ ਹਿਸਾਬ ਨਾਲ ਉਸਦੀ ਮੁੱਠੀ ਚ ਪੈਸੇ ਧਰ ਨਿਕਲ ਆਏ ਅਸੀਂ ਘਰ ਆਉਂਦੇ ਇਹੀ ਸੋਚਦੇ ਰਹੇ ਜੇਕਰ ਕਿਸਾਨ ਨੂੰ ਫਸਲ ਦਾ ਮੁੱਲ ਵਧੀਆ ਮਿਲੇ ਤਾਂ ਜਿੰਮੀਦਾਰ ਕਦੇ ਫਾਹੇ ਨਾ ਲੱਗੇ

*** ਨਵਨੀਤ ਸਿੰਘ***




# ਗ੍ਰੰਥੀ ਦੇ ਬੱਚੇ

ਗੁਰੂ ਰੂਪੀ ਸਾਧ ਸੰਗਤ ਜੀ ਇਸ ਵਾਰ ਆਪਣੇ ਗੁਰਦੁਆਰੇ ਦੀ ਗੋਲਕ 70 ਹਜਾਰ ਰੁਪਏ ਨਿਕਲੀ ਹੈ ਸਭ ਖਰਚੇ ਕੱਢ ਕਿ 50 ਹਜਾਰ ਰੁਪਏ ਦੀ ਬੱਚਤ ਹੋਈ ਹੈ। ਮਾਇਆ ਦਾ ਬਹੁਤ ਸਹਿਯੋਗ ਦਿਤਾ ਸੰਗਤਾਂ ਨੇ ਇਸੇ ਤਰਾਂ ਹੀ ਮਾਇਆ ਦੇ ਖਜ਼ਾਨੇ ਭਰਪੂਰ ਕਰਦੇ ਰਹੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੋ ਇਹ ਸਭ ਇੱਕੋ ਸਾਹੇ ਗੁਰਦੁਆਰੇ ਦਾ ਪ੍ਰਧਾਨ ਬੋਲ ਰਿਹਾ ਸੀ * ਇਹ ਸਾਰੇ ਬੋਲ ਮੇਰੇ ਕੰਨਾ ਵਿੱਚ ਵੀ ਪਏ ਮੈਂ ਆਪਣੇ ਮੈਡੀਕਲ ਸਟੋਰ ਤੇ ਬੈਠਾ ਸੀ ਜੋ ਬਿਲਕੁਲ ਗੁਰਦੁਆਰੇ ਦੇ ਨਾਲ ਹੈ ਪ੍ਰੋਗਰਾਮ ਤੋਂ ਬਾਅਦ ਪ੍ਰਧਾਨ ਆਉਂਦਿਆਂ ਬੋਲਿਆ ! ਡਾਕਟਰ ਸਾਬ੍ਹ ਦੋ ਖੁਰਾਕਾਂ ਮੈਨੂੰ ਵੀ ਬਣਾ ਦਿਓ! *ਅੰਕਲ ਪਹਿਲਾਂ ਸਾਨੂੰ ਦਵਾਈ ਦਿਓ ਪਾਪਾ ਘਰ ਉਡੀਕਦੇ ਹੋਣਗੇ ਮੈਂ ਜਲਦੀ ਨਾਲ ਬੱਚਿਆਂ ਨੂੰ ਦਵਾਈ ਦਿੱਤੀ ਤੇ ਜਾਣ ਲਈ ਕਿਹਾ ਬੱਲੇ ਡਾਕਟਰ ਸਾਬ੍ਹ ਤੇਰੇ ਸਾਹਮਣੇ ਪ੍ਰਧਾਨ ਖੜਾ ਗੁਰਦੁਆਰੇ ਦਾ ਤੇ ਤੂੰ ਪਹਿਲਾਂ ਆਹ ਘਸੇ ਪੁਰਾਣੇ ਕੱਪੜੇ ਪਾਈ ਬੱਚਿਆਂ ਨੂੰ ਦਵਾਈ ਦੇ ਤੋਰ ਤਾਂ ਨਾ ਸਾਡੇ ਤੋਂ ਕੋਈ ਗੁਨਾਹ ਹੋਇਆ ਜਾਂ ਤੇਰੇ ਖਾਸ ਸੀ ਬੱਚੇ ਜਿੰਨਾ ਕੋਲੋ ਤੂੰ ਪੈਸੇ ਵੀ ਨਹੀਂ ਲਏ ! ਪ੍ਰਧਾਨ ਨੇ ਹੱਸਦੇ ਹੋਏ ਟਿੱਚਰ ਨਾਲ ਕਿਹਾ ਪ੍ਰਧਾਨ ਸਾਬ੍ਹ ਮੇਰੇ ਕੋਈ ਖ਼ਾਸ ਨਹੀਂ ਪਰ ਤੁਹਾਡੀ ਜਾਣਕਾਰੀ ਲਈ ਇਹ ਦਸ ਦੇਵਾਂ ਜਿਸ ਗੁਰਦੁਆਰੇ ਤੁਸੀਂ ਉੱਚਾ ਲੰਮਾ ਭਾਸ਼ਣ ਮਾਇਆ ਬਾਰੇ ਬੋਲ ਕਿ ਆਏ ਹੋ ਇਹ ਪਾਟੇ ਘਸੇ ਕੱਪੜੇ ਵਾਲੇ ਬੱਚੇ ਉਸ ਗੁਰਦੁਆਰੇ ਦੇ (ਗ੍ਰੰਥੀ ਦੇ ਬੱਚੇ) ਨੇ * *ਅੱਜ ਗ੍ਰੰਥੀ ਸਿੰਘ ਬਿਮਾਰ ਸੀ ਘਰ ਇਸ ਲਈ ਪਹਿਲਾਂ ਤੋਰ ਦਿੱਤਾ ਬੱਚਿਆਂ ਨੂੰ ! ਤੇ ਪੈਸੇ ਮੈਂ ਇਸ ਲਈ ਨਹੀਂ ਲਏ ਕਿਉਂ ਕਿ ਗੁਰੂ ਘਰ ਦੀ ਖ਼ੁਸ਼ੀ ਲੋੜਵੰਦਾਂ ਦੀ ਸੇਵਾ ਕੀਤੀਆਂ ਮਿਲਦੀ !! ਆਹ ਗੁਰਦੁਆਰੇ ਦੀਆਂ ਉੱਚੀਆਂ ਬਿਲਡਿੰਗਾਂ ਬਣਾਉਣ ਨਾਲ ਨਹੀਂ !!! ਪ੍ਰਧਾਨ ਸਾਬ੍ਹ ਗ੍ਰੰਥੀ ਸਿੰਘਾਂ ਨੂੰ ਆਪਣੇ ਬਰਾਬਰ ਕਰੋ ਬਿਲਡਿੰਗਾਂ ਨੂੰ ਨਹੀਂ ,ਏਨੀ ਗੱਲ ਸੁਣ ਪ੍ਰਧਾਨ ਕਦੇ ਜਾਂਦੇ ਬੱਚਿਆਂ ਵੱਲ ਵੇਖਦਾ ਕਦੇ ਗੁਰਦੁਆਰੇ ਦੀ ਉੱਚੀ ਬਿਲਡਿੰਗ ਵੱਲ !!

***ਨਵਨੀਤ ਸਿੰਘ***




# ਸਤਿਕਾਰ

ਅਖੰਡਪਾਠ ਸਾਹਿਬ ਦੇ ਭੋਗ ਤੋਂ ਬਾਅਦ ਅਰਦਾਸ ਕਰਕੇ ਹਟੇ ਗ੍ਰੰਥੀ ਨੇ ਪਰਿਵਾਰ ਨੂੰ ਘੂਰਦਿਆਂ ਕਿਹਾ !!!

ਭਾਈ ਆਹ ਪਹਿਲੀ ਵਾਰ ਹੋਇਆ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਭੇਂਟ ਨਹੀਂ ਕੀਤਾ। ਅਸੀਂ ਜਿਥੇ ਵੀ ਪਾਠ ਕਰਨ ਜਾਂਦੇ ਪਰਿਵਾਰ ਵਾਲੇ ਮਹਿੰਗੇ ਰੁਮਾਲੇ ਦੇ ਕਿ ਜਾਂਦੇ ਨੇ, ਪਰ ਤੁਸੀਂ ਸਤਿਕਾਰ ਨਹੀਂ ਕੀਤਾ , ਸਮਝਾਓ ਆਪਣੇ ਨੌਜਵਾਨ ਪੁੱਤ ਨੂੰ ਅਜੇ ਨਵਾਂ ਨਵਾਂ ਵਿਦੇਸ ਤੋਂ ਆਇਆ ਇਸ ਲਈ ਗੁਰੂ ਘਰ ਦੀ ਮਰਿਯਾਦਾ ਨਹੀਂ ਜਾਣਦਾ। ਲੜਕਾ ਇਹ ਸਭ ਸੁਣਕੇ ਹੱਸਣ ਲੱਗ ਪਿਆ !!! ਤੇ ਕਹਿੰਦਾ !!!! ਖਾਲਸਾ ਜੀ ਸਾਡੀ ਕੋਈ ਔਕਾਤ ਨਹੀਂ ਅਸੀਂ ਗੁਰੂ ਸਾਹਿਬ ਦੇ ਬਰਾਬਰ ਦਾ ਕੋਈ ਰੁਮਾਲਾ ਭੇਟ ਕਰ ਸਕੀਏ ਜੋ ਆਪ ਅਮੁਲ ਖਜ਼ਾਨਾ ਹੋਵੇ ਉਸਦੇ ਲਈ ਮੁਲ ਕੀ ਪਾ ਸਕਦੇਂ ਅਸੀਂ । ਜਦੋਂ ਮੇਰੇ ਪਾਪਾ ਦੁਕਾਨ ਤੋਂ ਕੀਮਤੀ ਰੁਮਾਲਾ ਲੈਣ ਲੱਗੇ ਸੀ ਤਾਂ ਮੈਂ ਮਨਾ ਕਰ ਦਿੱਤਾ ਸੀ ਪਾਪਾ ਨੂੰ !! ਜਿੰਨੇ ਪੈਸੇ ਦਾ ਅਸੀਂ ਰੁਮਾਲਾ ਲੈਣਾ ਸੀ ਓਣੇ ਪੈਸੇ ਦਾ ਅਸੀਂ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਵਧੀਆ ਕੱਪੜੇ, ਲੈ ਲਏ !!! ਕਿਉਂ ਕਿ ਰੁਮਾਲੇ ਤਾਂ ਪਹਿਲਾਂ ਹੀ ਗੁਰਦੁਆਰਾ ਸਾਹਿਬ ਬਹੁਤ ਪਏ ਨੇ ਜੋ ਕਿਸੇ ਵਰਤੋਂ ਚ ਨਾ ਅਉਣ ਤੇ ਖਰਾਬ ਹੋ ਰਹੇ। ਇਸ ਲਈ ਮੈਂ ਰੁਮਾਲਾ ਨਹੀਂ ਲਿਆ , ਭਾਈ ਸਾਹਿਬ ਜੀ ਤੁਸੀਂ ਗੁਰੂ ਘਰ ਦੇ ਵਜ਼ੀਰ ਹੋ ਤੇ ਆਪਣੀ ਮਤ ਅਨੁਸਾਰ ਏਨਾ ਕੁ ਸਤਿਕਾਰ ਕੀਤਾ ਤੁਹਾਡਾ !! ਆਹ ਫੜੋ ਕਪੜਿਆਂ ਵਾਲਾ ਬੈਗ ਭਾਈ ਸਾਹਿਬ ਜੀ । ਜੇਕਰ ਅਸੀਂ ਗ੍ਰੰਥੀ ਸਿੰਘ ਨੂੰ ਆਮ ਹੀ ਸਮਝਾਂਗੇ ਤਾਂ ਆਉਣ ਵਾਲੇ ਸਮੇਂ ਚ ਕੋਈ ਵੀ ਗ੍ਰੰਥੀ ਨਹੀਂ ਬਣੇਗਾ , ਏਨੀ ਗੱਲ ਸੁਣ ਗ੍ਰੰਥੀ ਸਿੰਘ ਨੂੰ ਐਵੇਂ ਲੱਗਾ ਜਿਵੇਂ ਉਸਨੂੰ ਜਿੰਦਗੀ ਚ ਪਹਿਲੀ ਵਾਰ ਸਤਿਕਾਰ ਮਿਲਿਆ ਹੋਵੇ।

***ਨਵਨੀਤ ਸਿੰਘ***




# ਟੀਕੇ

ਰੱਬ ਦਾ ਵਾਸਤਾ ਤੈਨੂੰ ਵਪਿਸ ਆ ਜਾ ਪੁੱਤਰਾ ,ਕੌਣ ਤੇਰੇ ਬਿਨਾ ਮੇਰਾ ਇਥੇ ,ਬਾਪੂ ਤੇਰੇ ਦੀ ਸਾਰੀ ਜਮੀਨ ਵੀ ਵਿੱਕ ਗਈ ,ਘਰ ਵੀ ਵਿਕ ਗਿਆ ਸਿਰਫ ਤੇਰੇ ਕਰਕੇ,, ਆ ਜਾ ਮੇਰਾ ਪੁੱਤ !!!! ਰੋਂਦੀ ਹੋਈ ਬਜ਼ੁਰਗ ਮਾਂ ਆਪਣੇ ਲੜਕੇ ਦੀ ਲਾਸ ਕੋਲ ਉੱਚੀ ਉੱਚੀ ਵੈਣ ਪਾ ਲੜਕੇ ਨੂੰ ਉਠਾ ਰਹੀ ਸੀ!!!! ਕਦੇ ਮੱਥਾ ਚੂਮਦੀ ਕਦੇ ਹੱਥ !!! ਹਾਏ ਰੱਬਾ ਮੇਰਾ ਪੁੱਤ ਮੈਨੂ ਦੇ ਦੇ ,ਮੈਂ ਕੀ ਮਾੜਾ ਕੀਤਾ ਤੇਰੇ ਨਾਲ!! ਮੜੀਆਂ ਤੋਂ ਵਪਿਸ ਆਉਂਦਿਆਂ ਪਿੰਡ ਦੀਆਂ ਹੋਰ ਬਜ਼ੁਰਗ ਔਰਤਾਂ ਗੱਲਾਂ ਕਰ ਰਹੀਆਂ ਸਨ। ਨਾ ਰੱਬ ਨੇ ਕੀ ਮਾੜਾ ਕੀਤਾ!!!

(ਪਲੇਠੀ ) ਪਹਿਲੀ ਧੀ ਸੀ ,ਓਦੋਂ ਆਪ ਹੀ ਕੁੱਖ ਚ ਮਰਵਾ ਦਿੱਤੀ , ਆਖਦੀ ਸੀ ਮੈਨੂੰ ਪੁੱਤ ਚਾਹੀਦਾ ਤੇ ਪੁਤ ਜੰਮਣ ਤੋਂ ਬਾਅਦ ਓ ਵੀ ਨਸ਼ੇ ਕਰ ਕਿ ਮਰ ਗਿਆ ਆਖੇ ਰੱਬਾ ਮੈਂ ਮਾੜਾ ਕੀ ਕੀਤਾ !!!! ਸ਼ਾਇਦ ਪਿਤਾ ਵੀ ਇਹੀ ਸੋਚ ਰਿਹਾ ਸੀ ਦਿਲ ਅੰਦਰ। ਅਸੀਂ ਧੀ ਨੂੰ ਕੁੱਖ ਚ ਮਰਵਾਇਆ ਸੀ ਟੀਕੇ ਲਗਾ ਕੇ ! ਪੁੱਤ ਨੇ ਲੋਕ ਨਸ਼ੇ ਤੇ ਲਗਾ ਦਿੱਤੇ ਆਪ ਹੁਣ ਟੀਕੇ ਲਗਾ ਕਿ ਮਰ ਗਿਆ*

*** ਨਵਨੀਤ ਸਿੰਘ ***




# ਸਟਿੱਕਰ

ਮਾਂ ਦਿਵਸ ਤੇ ਟੋਨੀ ਨੇ ਫੇਸਬੁਕ ਇੰਸਟਾਗ੍ਰਾਮ, ਵਟਸਐਪ ਤੇ ਬਹੁਤ ਸੋਹਣੀਆਂ ਫੋਟੋਆਂ ਅਪਲੋਡ ਕੀਤੀਆਂ ਸਨ ਆਪਣੀ ਮਾਂ ਨਾਲ! ਚਾਰੇ ਪਾਸੇ ਕੁਮੈਂਟਸ ਮਿਲੇ ਸਨ. ਟੋਨੀ ਥੋੜ੍ਹਾ ਕੁ ਨਸ਼ੇ ਦਾ ਅਧੀ ਸੀ ਮੇਰਾ ਵੀ ਦਿਲ ਕੀਤਾ ਟੋਨੀ ਨੂੰ ਮਾਂ ਦਿਵਸ ਤੇ ਮਿਲਕੇ ਵਧਾਈ ਦਵਾਂ , ਟੋਨੀ ਦੇ ਘਰ ਅਜੇ ਪੈਰ ਹੀ ਪਾਇਆ ਸੀ, ਰੌਲੇ ਦੀ ਅਵਾਜ ਸੁਣੀ,ਜਦੋਂ ਮੇਰੇ ਦੋਸਤ ਘਰ ਆਉਂਦੇ ਉਣਾ ਸਾਹਮਣੇ ਨਾ ਆਇਆ ਕਰ ਆ ਪੁਰਾਣੇ ਜਹੇ ਕੱਪੜੇ ਪਾ ਕੇ, ਓਹੋ ਜਿਹਾ ਬਾਪੂ ਆ ਜਿਹੜਾ ਖਿਜਦਾ ਰਹਿੰਦਾ !

ਬਾਹਰੋਂ ਦੋਸਤ ਲਿਆ ਕੇ ਘਰ ਪੈੱਗ ਨਾ ਲਗਾਇਆ ਕਰ ਚੰਗਾ ਨਹੀ ਲੱਗਦਾ ਧੀ ਜਵਾਨ ਘਰ ਐਵੇਂ ਬਾਪੂ ਵਾਧੂ ਬੋਲੀ ਜਾਂਦਾ ਮਾਂ ਕੋਈਂ ਪੈਸਾ ਕੋਲ ਹੈ ਤਾਂ ਦੇ ਮੈਂ ਜਾਣਾ ਦੋਸਤਾਂ ਨਾਲ ਟੋਨੀ ਦੀ ਮਾਂ ਨੇ ਆਪਣੀ ਲੀਰੋਂ ਲੀਰ ਪਾਟੀ ਚੁੰਨੀ ਦੇ ਕਿਨਾਰੇ ਤੋਂ ਪੈਸੇ ਕੱਢੇ ਤੇ ਚੁੰਨੀ ਦੀ ਗੰਢ ਖੋਲ੍ਹਦਿਆ ਕਿਹਾ " ਲੈ ਮੇਰਾ ਪੁੱਤ ਆ ਪੈਸੇ ਬਚੇ ਸੀ ਗੁਆਂਢੀਆਂ ਦੇ ਘਰ ਜੋ ਕੰਮ ਕੀਤਾ ਸੀ ਓਨਾ ਦਿੱਤੇ ਸੀ ਤੇਰੇ ਬਾਪੂ ਤੋਂ ਪੜਦੇ ਨਾਲ ਰੱਖੇ ਸੀ ਤੇਰੇ ਲਈ ਰੋਟੀ ਟਾਇਮ ਨਾਲ ਖਾ ਲਵੀਂ ਮੇਰਾ ਪੁੱਤ ਟੋਨੀ ਨੇ ਪੈਸੇ ਫੜਦੇ ਕਿਹਾ ਲੱਗੀ ਹੁਣ ਲੈਕਚਰ ਝਾੜਨ ਚੱਲਿਆਂ ਮੈਂ ਦੋਸਤਾਂ ਨਾਲ ਲੇਟ ਆਵਾਂਗਾ ਮੈਂ ਇਹ ਸਭ ਵੇਖ ਹੈਰਾਨ ਸੀ ਜੋ ਫੇਸਬੁਕ ਤੇ ਮਾਂ ਦਿਵਸ ਤੇ ਫੋਟੋਆਂ ਸਨ ਸਭ ਵਿਖਾਵਾ ਸੀ ਮੇਰੇ ਕੋਲੋ ਹੀ ਟੋਨੀ ਦੀ ਗੱਡੀ ਸੂਕਦੀ ਨਿਕਲੀ ਜਿਸਦੇ ਵੱਡੇ ਸੀਸ਼ੇ ਦੇ ਮੂਹਰੇ ਵੱਡਾ (ਸਟਿੱਕਰ) ਲੱਗਾ ਸੀ ਜਿਸਤੇ ਲਿਖਿਆ ਸੀ

ਆਈ LOVE ਬੇਬੇ ਬਾਪੂ

**ਨਵਨੀਤ ਸਿੰਘ**

# ਮੂਰਖ

ਨਗਰ ਨਿਵਾਸੀਆਂ ਨੂੰ ਬੇਨਤੀ ਹੈ ਪਿੰਡ ਦੇ ਗੁਰਦੁਆਰੇ ਇਕੱਠੇ ਹੋਵੋ।

ਸਭ ਨਗਰ ਇਕੱਠਾ ਹੋਇਆ। ਮੈਂ ਕੋਲੋ ਲੰਘ ਰਿਹਾ ਸੀ। ਗੁਰਦੁਆਰੇ ਅੰਦਰ ਉਚੀ ਉਚੀ ਬਹਿਸ ਦੀਆਂ ਆਵਾਜ਼ਾਂ ਆ ਰਹੀਆਂ ਸਨ, ਕਮੇਟੀ ਵਾਲੇ ਪ੍ਰਧਾਨ ਲੜੀ ਜਾਂਦੇ ਸੀ ,ਮੈਂਬਰ ਲੜੀ ਜਾਂਦੇ ਨਹੀਂ , ਕੋਈ ਆਵਾਜ਼ ਆਵੇ

8, 000 ਠੀਕ ਏ, ਕੋਈ ਆਖੇ 4,000, ਤੇ ਕੋਈ ਤੇ ਕੋਈ 2 ਹਜਾਰ।

ਮੈਂ ਵੀ ਅੰਦਰ ਗਿਆ ਤੇ ਪੁੱਛਿਆ ਕਿਉਂ ਭਾਈ ਕਿਸ ਗੱਲ ਤੋਂ ਲੜੀ ਜਾਂਦੇ ਓ ਗੁਰਦੁਆਰੇ ਅੰਦਰ!!! ਪ੍ਰਧਾਨ ਕਹਿੰਦਾ
ਨਹੀਂ ਨਹੀਂ ਲੜਾਈ ਕੋਈ ਨਹੀਂ ਅਸੀਂ ਸਭ ਇਕੱਠੇ ਹੋਏ ਹਾਂ ਆਹ ਸਭ ਮੂਰਖ ਲੜੀ ਜਾਂਦੇ ਕੋਈ ਆਖੇ ਗ੍ਰੰਥੀ ਦੀ ਤਨਖਾਹ 8 ਹਜਾਰ ਕੋਈ 4 ਹਜਾਰ ਤੇ ਕੋਈ 3 ਹਜਾਰ ਕਹੀ ਜਾਂਦਾ!!!
ਹਿੱਕ ਚੋੜੀ ਕਰਕੇ ਕਹਿੰਦਾ ਹੁਣ ਕਰਤਾ ਫਿਰ ਫ਼ੈਸਲਾ !!!!! ਅਸੀਂ ਕਿਹਾ ਗ੍ਰੰਥੀ ਦੀ ਤਨਖਾਹ ਹਰ ਮਹੀਨੇ 3000 ਪੱਕੀ!! ਤੇ ਸਭ ਨੇ ਹਾਂ ਚ ਹਾਂ ਮਿਲਾ ਦਿੱਤੀ !!!ਕਰਨਾ ਕੀ ਆ ਆਹ ਦੋ ਟਾਇਮ ਪਾਠ ਹੀ ਕਰਨਾ !! ਛੱਡੋ ਜੈਕਾਰਾ !!!

ਇਹ ਉਹੀ ਪ੍ਰਧਾਨ ਸੀ ਜਿਸਨੇ ਆਪਣੇ ਪੁੱਤ ਦੇ ਵੇਅਹ ਤੇ 2 ਲੱਖ ਦੀ ਦਾਰੂ ਪਿਆ ਦਿਤੀ ਸੀ ਲੋਕਾਂ ਨੂੰ। ਤੇ ਗ੍ਰੰਥੀ ਦੀ ਤਨਖਾਹ 3000 ਪੱਕੀ ਕਰਕੇ ਮਾਣ ਮਹਿਸੂਸ ਕਰ ਰਿਹਾ ਸੀ
ਪ੍ਰਧਾਨ ਦਾ ਫ਼ੈਸਲਾ ਸੁਣ ਮੈਨੂੰ ਐਵੇਂ ਲੱਗਾ ਕੇ ਜਿਵੇਂ ਸਭ ਤੋਂ ਵੱਡਾ **ਮੂਰਖ** ਪ੍ਰਧਾਨ ਆਪ ਸੀ ਤੇ ਬਾਕੀ ਮੂਰਖ ਦੇ ਚੇਲੇ!

*** ਨਵਨੀਤ ਸਿੰਘ ***

*****

# ਹੌਂਸਲਾ

ਰੱਤਾ ਬਹੁਤ ਦਿਨ ਤੋਂ ਬਿਮਾਰ ਮੰਝੇ ਤੇ ਪਿਆ ਸੀ ,ਗਰੀਬ ਹੋਣ ਕਾਰਣ ਦਵਾਈ ਦਾਰੂ ਮੁਸਕਿਲ ਚਲਦਾ ਸੀ। ਸਭ ਨਾਲ ਪਿਆਰ ਮੁਹੱਬਤ ਨਾਲ ਰਹਿੰਦਾ ਸੀ। ਇੱਕ ਉਸਦੀ ਜਵਾਨ ਧੀ ਉਸਦੀ ਦੇਖਭਾਲ ਕਰਦੀਂ ਸੀ। , ਸੁਭਾਵਿਕ ਮੈਂ ਵੀ ਗਿਆ ਕਲ ਪਤਾ ਲੈਣ ! ਹਾਲਤ ਮਾੜੀ ਸੀ !! ਮੰਝੇ ਤੇ ਪਿਆ ਰਤਾ ਕੁੱਝ ਸੋਚੀ ਜਾਂਦਾ ਸੀ , ਮੈਂ ਉਸਦਾ ਹੱਥ ਫੜ ਕਿ ਕਿਹਾ,ਰੱਤਾ ਸਿਆਂ ਕੀਤੇ ਕਿਸੇ ਚੀਜ ਦੀ ਜਰੂਰਤ ਹੋਵੇ ਤਾਂ ਦਸੀਂ !! ਕੋਈ ਦਵਾਈ ਕੋਈ ਪੈਸਾ ਧੇਲਾ ,ਰਾਸਣ ਪਾਣੀ ਕਿਸੇ ਵੀ ਤਰਾਂ ਦੀ ਜਰੂਰਤ ਹੋਵੇ ਤਾਂ ਦਸਣਾ , ਅਸੀਂ ਤੇਰੇ ਨਾਲ ਆ ਘਬਰਾਉਣ ਦੀ ਕੋਈ ਗੱਲ ਨਹੀਂ, ਰੱਤੇ ਦੀਆਂ ਅੱਖਾਂ ਚ ਮਾੜੀ ਜਿੰਨੀ ਚਮਕ ਦਿਖੀ ਜਿਵੇ ਖੁਸ਼ੀ ਦਾ ਅਹਿਸਾਹ ਹੋਇਆ ਹੋਵੇ"""" ਫਿਰ ਉਦਾਸ ਲਿਹਾਜ਼ ਨਾਲ਼ ਆਪਣੀ ਜਵਾਨ ਧੀ ਵੱਲ ਵੇਖਣ ਲੱਗਾ!!!! ਮੈਂ ਸਮਝ ਗਿਆ ਸੀ ਉਸਦੀ ਰਮਝ"""" ਓਏ ਰੱਤਾ ਸਿਆਂ ਫਿਕਰ ਨਾ ਕਰ ਇਹ ਧੀ ਮੇਰੀ ਆਪਣੀ ਧੀ ਏ " ਇਸਦੇ ਹੱਥ ਪੀਲੇ ਆਪਣੇ ਹੱਥੀਂ ਕਰਾਂਗਾ ,ਨਾ ਅਸੀਂ ਕੁੱਝ ਵੰਡਿਆ ਥੋੜ੍ਹਾ ,ਤੇਰੀ ਧੀ ਦੀ ਡੋਲੀ ਆਪਣੇ ਹੱਥੀਂ ਵਿਦਾ ਕਰਾਂਗਾ ਆਪਣੀ ਧੀ ਬਣਾ ਕਿ!!! ਰੱਤੇ ਨੇ ਗੁਟ ਕੇ ਮੈਨੂੰ ਗ਼ਲ ਨਾਲ ਲਾ ਲਿਆ ਜਿਵੇਂ ਉਸਦਾ ਭਾਰ ਹੋਲਾ ਹੋ ਗਿਆ ਹੋਵੇ। ਅਜੇ ਰੱਤੇ ਦੇ ਘਰੋਂ ਬਾਹਰ ਨਿਕਲਿਆ ਤਾਂ ਮੇਰੀ ਘਰਵਾਲੀ ਕਹਿੰਦੀ-ਲੈ ਅਪੀ ਖਾਣ ਨੂੰ ਦਾਣੇ ਨਹੀਂ ਤੇ ਗੱਲ ਧੀ ਦੀ ਡੋਲੀ ਤੋਰਨ ਦੀ ਕਰ ਆਇਆ! ਹੂੰ ਆਇਆ ਵੱਡਾ ਸਾਹੂਕਾਰ!!!! ਓ ਕਮਲੀਏ ਪਤਾ ਮੈਨੁ ਘਰ ਰਾਸਣ ਨਹੀਂ, ਰੱਤੇ ਵਾਂਗ ਗਰੀਬ ਹਾਂ ਪਰ ਜੋ ਮੈਂ ਉਸਨੂੰ ਦੇ ਕਿ ਆਇਆ ਉਸ ਨਾਲ ਉਸਦੀ ਅੱਧੀ ਬਿਮਾਰੀ ਵੈਸੇ ਕੱਟੀ ਗਈ ਤੇ ਉਸਨੂੰ ਖੁਸ਼ੀ ਮਿਲੀ ਕਿ ਮੇਰਾ ਭਾਰ ਹੋਲਾ ਹੋ ਜਾਣਾ!!!! ਕੀ ਦੇ ਆਏ ਰੱਤੇ ਨੂੰ ਜਿਸ ਨਾਲ ਉਹ ਖ਼ੁਸ ਹੋ ਗਿਆ ਸੀ। ਕਮਲੀਏ ਮੈਂ ਉਸਨੂੰ ਹੌਸਲਾਂ ਦੇ ਕਿ ਆਇਆ ਹਾਂ ਜਿਸ ਨਾਲ ਉਸਨੂੰ ਖੁਸ਼ੀ ਮਿਲੀ। ਬਾਕੀ ਕਰਨਾ ਸਭ ਤਾਂ ਰੱਤੇ ਨੇ ਆ। ਹੌਸਲਾ ਬਹੁਤ ਵੱਡੀ ਦਵਾਈ ਏ ਕਮਲੀਏ !! ਲੱਗੀ ਸਮਝ !!! ਹਾਂ ਜੀ ਸਰਦਾਰ ਜੀ " ਸਮਝ ਗਈ ਅੱਧਾ ਦੁਖ ਇਨਸਾਨ ਦਾ ਹੌਸਲੇ ਨਾਲ ਕੱਟਿਆ ਜਾਂਦਾ। ਜੁੱਗ ਜੁੱਗ ਜੀਓ-ਜੀ

*** ਨਵਨੀਤ ਸਿੰਘ ***



# ਪਰਦੇ ਹਿਲ ਰਹੇ ਸਨ

18 ਸਾਲ ਬਾਅਦ ਇੰਗਲੈਂਡ ਤੋਂ ਵਪਿਸ ਆਏ ਸੌਦਾਗਰ ਸਿੰਘ ਦੇ ਘਰ ਜਦ ਮੈਂ ਮਿਲਣ ਗਿਆ ਤਾਂ ਰੂਹ ਖੁਸ਼ ਹੋ ਗਈ!! ਕਿਸੇ ਮਹਿਲ ਨਾਲੋਂ ਘੱਟ ਨਹੀਂ ਸੀ ਮੇਰੇ ਮਿੱਤਰ ਦਾ ਘਰ! ਕਿਵੇਂ ਆ ਸੌਦਾਗਰ ਸਿਆਂ ! ਭਰਜਾਈ ਤੇ ਬੱਚੇ ਠੀਕ ਨੇ ਸਭ, ਬੇਬੇ ਬਾਪੂ ਕਿਦਾਂ ਨੇ!! ਹਾਂ ਠੀਕ ਏ, ""ਬੱਚੇ ਤੇ ਭਰਜਾਈ ਤੇਰੀ ਅੰਦਰ ਅਰਾਮ ਕਰ ਰਹੇ ਨੇ! ਤੇ ਬੇਬੇ ਬਾਪੂ ਕੀਤੇ ਗਏ ਬਾਹਰ----! ਮੇਰੀ ਏਨੀ ਗੱਲ ਸੁਣਕੇ ਕੇ ਪਿਛਾਂਹ ਵੇਖਣ ਲੱਗ ਪਿਆ !! ਮੈਂ ਫਿਰ ਪੁੱਛਿਆ !! ਕੀ ਗੱਲ ਕੋਈਂ ਪ੍ਰੇਸ਼ਾਨੀ ਆ ਡਰਿਆ ਜੇਹਾ ਲੱਗਦਾ!! ਨਹੀਂ ਨਹੀਂ --ਏਨੀ ਗੱਲ ਸੁਣ ਫਿਰ ਪਿਛਾਂਹ ਨੂੰ ਮੁੜ ਵੇਖਣ ਲੱਗਾ , ਓ ਯਾਰ ਨਵੇਂ ਪਰਦੇ ਲੱਗੇ ਮਹਿੰਗੇ ਭਾਅ ਦੇ ! ਨੌਕਰ ਸਫ਼ਾਈ ਕਰ ਰਹੇ ਡਰ ਵੀ ਲੱਗਦਾ ਹੇਠਾਂ ਨਾ ਡਿੱਗ ਜਾਣ!! ਸੌਦਾਗਰ ਉਠ ਕੇ ਉਸ ਪਰਦੇ ਦੇ ਕੋਲ ਗਿਆ ਜਿੱਧਰ ਉਹ ਵੇਖ ਰਿਹਾ ਸੀ!

ਸੌਦਾਗਰ ਦੱਬੀ ਅਵਾਜ ਬੋਲਿਆ ਮੇਰੀ ਗੱਲ ਸੁਣੋ !! ਬਾਹਰ ਨਾ ਅਉਣਾਂ ਮੇਰਾ ਦੋਸਤ ਆਇਆ ਘਰ !! ਓ ਕੀ ਕਹੇਗਾ ਏਨੇ ਵੱਡੇ ਮਹਿਲ ਚ ਕੋਈ ਨੌਕਰ ਨਹੀਂ !! ਏਸ ਲਈ ਚੁਪ ਚਪੀਤੇ ਭਾਂਡੇ ਮਾਂਝੋ ਤੇ ਕਮਰਾ ਸਾਫ ਕਰੋ ਆਹ ਪਰਦਾ ਨਾ ਹਿਲਾਓ ਘੜੀ ਕੁ ਪਿੱਛੋਂ!!!

ਸੌਦਾਗਰ ਨੂੰ ਮੈਂ ਘੁਸਰ ਮੁਸਰ ਕਰਦਿਆਂ ਵੇਖਿਆ !! ਓਹ ਕੌਫੀ ਲੈਣ ਬਾਹਰ ਗਿਆ ਤਾਂ ਮੈਂ ਜਲਦ ਨਾਲ ਉਸ ਪਰਦੇ ਨੂੰ ਪਿੱਛੇ ਕੀਤਾ ਤੇ ਵੇਖਿਆ ਇੱਕ ਬਜ਼ੁਰਗ ਔਰਤ ਬਰਤਨ ਸਾਫ ਕਰ ਰਹੀ ਸੀ!! ਤੇ ਬਾਪੂ ਵਿਚਾਰਾ ਕਮਰੇ ਚ ਪੋਚਾ ਕਰ ਰਿਹਾ ਸੀ !! ਮੇਰੇ ਵੱਲ ਵੇਖ ਦੋਵੇਂ ਹੱਥ ਜੋੜਨ ਲੱਗੇ ਜਿਵੇਂ ਇਸ਼ਾਰੇ ਨਾਲ ਕਿਹਾ ਹੋਵੇ ਸੌਦਾਗਰ ਨੂੰ ਨਾ ਪਤਾ ਲੱਗੇ ਤੂੰ ਸਾਨੂੰ ਵੇਖਿਆ!!

ਇਨੇ ਨੂੰ ਸੌਦਾਗਰ ਆ ਗਿਆ ਤੇ ਬੋਲਿਆ !! ਏਥੇ ਕੀ ਕਰਦਾ ਪਿਆ ,ਆ ਫੜ ਕੌਫੀ ਪੀ ਗਰਮ ਗਰਮ!! ਨਾ ਸੌਦਾਗਰ ਸਿਆਂ !! ਕੌਫੀ ਨਹੀਂ ਪੀਣੀ !! ਬਸ ਯਾਰਾ ਆਹ ਪਰਦੇ ਵੇਖਦਾ ਸੀ ਮਹਿੰਗੇ ਭਾਅ ਦੇ !! ਸੁਕਰ ਆ ਅਜਿਹੇ ਪਰਦੇ ਸਾਡੇ ਘਰ ਨਹੀਂ ਲੱਗੇ ,,ਜਿਹੜੇ ਸਾਡੀ ਮੱਤ ਤੇ ਪਰਦਾ ਪਾ ਦੇਣ" , ਚੰਗਾ ਯਾਰਾ ਚੱਲਦਾ ਮੈਂ!!! ਘਰ ਇੱਕ ਨੌਕਰ ਰੱਖ ਲੈ ਕੰਮ ਲਈ !! ਤੇਰੇ ਮਾਤਾ ਬਾਪੂ ਨੂੰ ਵੀ ਅਰਾਮ ਮਿਲ ਜਾਵੇਗਾ ਜੋ ਪਰਦੇ ਘੜੀ ਮੁੜੀ ਹਿਲਾ ਰਹੇ ਸਨ

ਏਨੀ ਗੱਲ ਬੋਲ ਕੇ ਮੈਂ ਵਪਿਸ ਮੁੜਨ ਲੱਗਿਆ ਪਿੱਛੇ ਮੁੜ ਵੇਖਿਆ ਤਾਂ ਅਜੇ ਵੀ ਪਰਦੇ ਹਿਲ ਰਹੇ ਸਨ

*** ਨਵਨੀਤ ਸਿੰਘ ***

\




# ਚੰਦ ਕੁ ਵੋਟਾਂ ਲਈ

ਅੱਜ ਜਦ ਮੈਂ ਘਰ ਆ ਰਿਹਾ ਸੀ ਤਾਂ ਛਬੀਲ ਲੱਗੀ ਸੀ ਰਸਤੇ ਚ ਮੈਂ ਰੁਕ ਗਿਆ ਪਾਣੀ ਪੀਣ ਲਈ। ਮੇਰੇ ਮਨ ਚ ਖਿਆਲ ਆਇਆ ਕੇ ਸਿੱਖਾਂ ਨੇ ਛਬੀਲ ਲਗਾਈ। ਪਰ ਜਦ ਕੋਲ ਗਿਆ ਤਾਂ ਵੇਖਿਆ ਹਿੰਦੂ ਧਰਮ ਦੇ ਵੀਰਾਂ ਵਲੋਂ ਇਹ ਛਬੀਲ ਲਗਾਈ ਗਈ ਸੀ ਸ਼ਿਵ ਜੀ ਮਹਾਰਾਜ ਦੀ ਫੋਟੋ ਰੱਖੀ ਸੀ ਨਾਲ ਸ਼ਿਵ ਦੇ ਗੀਤ ਲੱਗੇ ਸਨ। ਜਿਹੜਾ ਜੂਠੇ ਭਾਂਡੇ ਫੜ ਰਿਹਾ ਸੀ ਉਹ ਬੋਲ ਰਿਹਾ ਸੀ। ਜੂਠੇ ਬਰਤਣ ਏਧਰ ਦਿਓ ਵਾਹਿਗੁਰੂ ਜੀ ਜਿਹੜਾ ਭਾਂਡੇ ਸਾਫ ਕਰ ਰਿਹਾ ਸੀ ਉਹ ਮੁਸਲਿਮ ਸੀ ਉਸਦੀ ਟੋਪੀ ਤੋਂ ਅੰਦਾਜਾ ਲਗਾਇਆ ਫਿਰ ਸ਼ੱਕ ਕੱਢਣ ਲਈ ਉਸਨੂੰ ਪੁੱਛਿਆ ਵੀ! ਕਿਉਂ ਕਿ ਸੀਨ ਹੀ ਵੱਖਰਾ ਨਜਰ ਆ ਰਿਹਾ ਸੀ ਤੇ ਜਿਹੜੇ ਪਾਣੀ ਪੀ ਰਹੇ ਸਨ ਉਹ ਹਿੰਦੂ ਮੁਸਲਿਮ ਸਿੱਖ ਇਸਾਈ ਵੀ ਸਨ!! ਹਰੇਕ ਧਰਮ ਦਾ ਇਨਸਾਨ ਪਾਣੀ ਪੀ ਕੇ ਲੰਘ ਰਿਹਾ ਸੀ। ਰੂਹ ਖ਼ੁਸ ਹੋਈ ਅੱਜ ਮੈਨੂੰ ਕਿੱਧਰੇ ਨਫ਼ਰਤ ਨਜਰ ਨਹੀਂ ਆਈ!!

ਸਾਨੂੰ ਧਰਮਾਂ ਨਾਲ ਕੀ!! ਆਪਣੇ ਫ਼ਾਇਦੇ ਲਈ ਗਰਮੀ ਚ ਸਭ ਨੇ ਪਾਣੀ ਪੀਤਾ ਤੇ ਆਪਣੀ ਆਪਣੀ ਪਿਆਸ ਬੁਝਾਈ ਤੇ ਰਾਹ ਤੁਰਦੇ ਗਏ। ਮੈਂ ਵੀ ਤੁਰਨ ਵੇਲੇ ਇਹੀ ਸੋਚਿਆ ਕੇ ਲੜਾਈ ਕਿੱਧਰੇ ਬਾਹਰ ਨਹੀਂ ਸਿਰਫ ਗਲਤ ਆਗੂਆਂ ਚ ਹੈ। ਜਿਹੜੇ ਧਰਮ ਦੇ ਨਾਮ ਤੇ ਲੜਾ ਦਿੰਦੇ ਹਨ ਆਪਣੀਆਂ ਚੰਦ ਕੁ ਵੋਟਾਂ ਲਈ

*** ਨਵਨੀਤ ਸਿੰਘ ***

# ਅਜਾਦੀ

ਸ਼ਾਮ ਨੂੰ ਘਰ ਆਇਆ ਤਾਂ ਬੇਬੇ ਬਾਪੂ ਨੂੰ ਹਾਲ ਪੁੱਛ ਬੱਚਿਆਂ ਕੋਲ ਚਲਾ ਗਿਆ। ਕਮਰੇ ਚ ਦਾਖਲ ਹੁੰਦਿਆਂ ਮੇਰੀ ਧੀ ਮੇਰੇ ਵੱਲ ਵੇਖ ਅੱਜ ਉਦਾਸ ਨਜਰ ਆਈ । ਅੱਜ ਉਸਨੇ ਮੇਰੇ ਤੋਂ ਕੋਈ ਚੋਕਲੇਟ, ਕੁਰਕਰੇ ਨਹੀਂ ਮੰਗੇ ਖਾਣ ਨੂੰ, ਤੇ ਲੜਕੇ ਨੇ ਆਉਂਦਿਆਂ ਹੀ ਜੇਬਾਂ ਫਰੋਲਣੀਆਂ ਸ਼ੁਰੂ ਕੀਤੀਆਂ ,ਪਾਪਾ ਚਿਜੀ ਦਿਓ। ਮੈਂ ਬੱਚਿਆਂ ਨੂੰ ਆਪਣੇ ਗੱਲ ਨਾਲ ਲਾਇਆ। ਦੋ, 4  ਦਿਨ ਏਦਾਂ ਹੀ ਹੁੰਦਾ ਰਿਹਾ ,ਧੀ ਦੇ ਚੇਹਰੇ ਦੀ ਉਦਾਸੀ ਨੇ ਮੈਨੂੰ ਵੀ ਉਦਾਸ ਕਰ ਦਿੱਤਾ ਅਕਸਰ ਗਲ ਕੀ , ਮਾਂ ਦਾ ਸਾਇਆ ਨਹੀਂ ਸਿਰ ਤੇ ਸ਼ਾਇਦ ਉਦਾਸ ਹੋਣੀ ਪਰ ਪਹਿਲਾਂ ਆਹ ਕਦੇ ਨਹੀਂ ਹੋਇਆ ਸੀ। ਰਾਤ ਨੂੰ ਮੇਰੀ ਧੀ ਸੋਂ ਗਈ ਮੇਰੀ ਗੋਦੀ ਚ ਸਿਰ ਰੱਖ ਮੇਰੀ ਵੀ ਅੱਖ ਲੱਗ ਗਈ। ਸੁੱਤੀ ਪਈ ਨੇ ਮੇਰੀ ਉਂਗਲ ਨੂੰ ਉਸਨੇ ਏਦਾਂ ਘੁੱਟ ਕਿ ਫੜਿਆ ਸੀ ਜਿਵੇਂ ਮੈਨੂ ਕਹਿੰਦੀ ਹੋਵੇ ਪਾਪਾ ਮੈਨੂੰ ਛੱਡ ਕਿ ਨਾ ਜਾਣਾ।

ਸਵੇਰ ਹੋਈ ਤਾਂ ਆਪਣੀ ਧੀ ਦੀਆਂ ਗੁੱਤਾਂ ਤੇ ਰੀਬਨ ਬੰਨ੍ਹਦੇ ਬੰਨ੍ਹਦੇ ਪਿਆਰ ਨਾਲ਼ ਪੁੱਛਿਆ। ਰਾਣੋ!!! ਮੇਰੀ ਧੀ ਉਦਾਸ ਕਿਉ ਰਹਿੰਦੀ ।ਕੀ ਹੋਇਆ ਕਿਸੇ ਨੇ ਕੁੱਝ ਕਿਹਾ, ਸਕੂਲ ਟੀਚਰ ਗਲੀ ਗੁਆਂਢ ਪੈਸੇ ਕਰਕੇ ਜਾਂ ਹੋਰ ਪ੍ਰੇਸ਼ਾਨੀ ਤਾਂ ਦਸ ਧੀ ਮੇਰੀ!!! 😥 ਨਹੀਂ ਨਹੀਂ ਪਾਪਾ ਏਦਾਂ ਦੀ ਕੋਈ ਗੱਲ ਨਹੀਂ ! ਕੁੱਝ ਦਿਨ ਪਹਿਲਾਂ ਸਕੂਲ ਤੋਂ ਘਰ ਆ ਰਿਹਾ ਸੀ ,ਨੇੜਲੇ ਪੈਲਸ ਦੇ ਬਾਹਰ ਇੱਕ ਵਹੁਟੀ ਨਾ ਉਚੀ ਉਚੀ ਰੋ ਰਹੀ ਸੀ , ਕਦੇ ਉਹ ਉਸਦਾ ਪਾਪਾ ਉਸਦੇ ਅੱਥਰੂ ਪੂੰਜਦਾ ਨਾਲ ਹੀ ਆਪਣੇ ਵੀ ਪੂੰਜਦਾ ,ਤੇ ਆਪਣੀ ਧੀ ਦੇ ਸਿਰ ਚੁੰਮਦਾ। ਮੈਂ ਇੱਕ ਅੰਟੀ ਨੂੰ ਪੁੱਛਿਆ ਅੰਟੀ ਆ ਅੰਕਲ ਕਿਉਂ ਰੋ ਰਹੇ ਤੇ ਵਹੁਟੀ ਕਿਉਂ ਰੋ ਰਹੀ। 😢 ਤਾਂ ਅੰਟੀ ਕਹਿੰਦੇ !! ਧੀਏ ਇਹ ਦੁਨੀਆਂ ਦਾ ਦਸਤੂਰ ਆ ,ਸਾਰੀ ਉਮਰ ਮਾਤਾ ਪਿਤਾ ਆਪਣੀ ਧੀ ਨੂੰ ਆਪਣੀ ਜਾਨ ਨਲੋ ਵੱਧ ਪਿਆਰ ਕਰਦਾ ਏਨਾ ਮੋਹ ਹੁੰਦਾ ਕਿ ਉਸਦੇ ਬਿਨਾ ਘਰ ਵੀ ਸੁਨਾ ਲੱਗਦਾ । ਤੇ ਆਹ ਵੇਅਹ ਵੇਲੇ ਧੀ ਦੀ ਡੋਲੀ ਤੋਰਨ ਵੇਲੇ ਬਾਪ ਐਵੇਂ ਰੋਂਦਾ ਜਿਵੇਂ ਰੱਬ ਰੋਂਦਾ ਹੋਵੇ। ਬਸ ਬਾਪੂ ਇਹੋ ਗੱਲ ਮੇਰੇ ਦਿਮਾਗ ਚ ਹੈ ਤੁਸੀ ਵੀ ਮੈਨੂੰ ਤੋਰ ਦੇਣਾ।☹️☹️

ਬਾਪੂ ਮੈਂ ਤੈਨੂੰ ਛੱਡ ਕਿਤੇ ਨਹੀਂ ਜਣਾ ਮੇਰੀ 8 ਸਾਲ ਦੀ  ਧੀ ਉਚੀ ਉਚੀ ਰੋਈ ਜਾਂਦੀ ਨਾਲ ਕਮਲੀ ਮੈਨੂੰ ਰੁਆਈ ਜਾਂਦੀ। ਉਸਨੂੰ ਚੁੱਪ ਕਰਵਾਉਣ ਲਈ ਮੱਥਾ ਚੁੰਮਿਆ ਤੇ ਦਿਲ ਨੂੰ ਹੌਸਲਾਂ ਦਿਤਾ। ਚੰਗਾ ਨਾ ਜਾਵੀਂ । ਉਹ ਕਮਲੀ ਮੇਰੀਆਂ ਬਾਹਾਂ ਚੋਂ ਨਿਕਲ  ਏਦਾਂ ਵੇਹੜੇ ਚ ਝੂਮਨ ਲੱਗੀ ਜਿਵੇਂ ਕਿਸੇ ਚਿੜੀ ਨੂੰ ਪਿੰਜਰੇ ਵਿੱਚੋਂ ਅਜਾਦੀ ਮਿਲੀ ਹੋਵੇ

*****

# ਮੇਰੇ ਗੁਨਾਹ

10ਵੀ ਕਲਾਸ ਚ ਪੜਦੇ ਮੇਰੇ ਬੇਟੇ  ਨੂੰ ਸਵਾਲ ਆਇਆ ਮੰਨ ਲਓ ਤੁਸੀਂ ਅਖਬਾਰ ਵਿੱਚ ਇਸ਼ਤਿਹਾਰ ਦੇਣਾ ਹੋਵੇ ਤਾਂ ਕਿਵ਼ੇਂ ਲਿਖੋਗੇ।।

ਮੇਰੇ ਬੇਟੇ ਵਲੋਂ ਲਿਖਿਆ ਉਤਰ -

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰ ਦਿੱਤੀ ਤਸਵੀਰ ਵਿਚਲੀ ਨਵਜੰਮੀ ਬੱਚੀ ਮਿਤੀ 29,10,2008 ਨੂੰ  ਧਾਰੀਵਾਲ ਸ਼ਹਿਰ ਦੇ ਬੱਸ ਸਟੈਂਡ ਦੇ ਪਿਛਲੇ ਪਾਸੇ ਲੱਗੇ ਕੂੜੇ ਦੇ ਢੇਰ ਤੋਂ ਲਵਾਰਿਸ ਹਾਲਤ ਚ ਬਿਨਾ ਕੱਪੜਿਆਂ ਤੋਂ ਲਿਫਾਫੇ ਵਿੱਚ ਮਿਲੀ ਹੈ।ਬੱਚੀ ਦਾ ਰੰਗ ਗੋਰਾ ਚਿਟਾ ਅਤੇ ਨੈਨ ਨਕਸ ਤਿੱਖੇ ਹਨ।  ਇਸ ਬੱਚੀ ਦੇ ਵਾਰਸ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰਕੇ ਬੱਚੀ ਲੈ ਜਾ ਸਕਦੇ ਹਨ।

ਜਿਲ੍ਹਾ ਬਾਲ ਸੁਰੱਖਿਆ ਯੂਨਿਟ

ਜਿਲ੍ਹਾ ਪ੍ਰਬੰਧਕੀ ਕੈਂਪਲੈਕਸ

ਬਲਾਕ A

ਕਮਰਾ ਨੰਬਰ 500

ਜਿਲ੍ਹਾ (ਅਲਾਵਲਪੁਰ)

ਸੰਪਰਕ :: 9646865500

ਆਪਣੇ ਬੇਟੇ ਵਲੋਂ ਲਿਖਿਆ ਇਸ਼ਤਿਹਾਰ ਪੜ ਮੇਰੇ ਪੈਰਾਂ ਤੋਂ ਜਮੀਨ  ਖਿਸਕ ਗਈ  ! ਮੈਨੂੰ ਐਵੇਂ ਲੱਗਾ ਜਿਵੇਂ ਉਸਨੇ ਇਸ਼ਤਿਹਾਰ ਨਹੀਂ !! ਮੇਰੇ ਗੁਨਾਹ ਬਾਰੇ ਲਿਖਿਆ ਹੋਵੇ

ਲੇਖਕ
ਨਵਨੀਤ ਸਿੰਘ ਧਾਰੀਵਾਲ
ਜਿਲ੍ਹਾ ਗੁਰਦਾਸਪੁਰ
ਸੰਪਰਕ 9646865500

ਪੰਜਾਬੀ ਲਾਇਬ੍ਰੇਰੀ
PUNJABI LIBRARY
Email:PunjabiLibrary@gmail.com

If you want to Publish your book on
Punjabi Library, please email us your PDF file .